# ਪੰਜ ਨਿਰਨੇ

ਤਰਨ ਸਿੰਘ ਵਹਿਮੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸਭ ਹੱਕ ਰਾਖਵੇਂ ਹਨ।

੧ ੴ ਸਤਿਗੁਰ ਪ੍ਰਸਾਦਿ ॥

# ਪੰਜ ਨਿਬੇੜੇ

13

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ..........
ਤਾਰੀਖ ..........

ਲੇਖਕ

ਤਰਨ ਸਿੰਘ 'ਵਹਿਮੀ'

ਸੰਤ ਨਗਰ, ਜ਼ਿਲਾ ਹਿਸਾਰ

੨੦ ਫਗਣ ੨੦੧੭ ੩ ਮਾਰਚ ੧੯੬੧

ਗੁਰੂ ਨਾਨਕ ਪ੍ਰੈਸ, ਚੌੜਾ ਬਾਜ਼ਾਰ, ਲੁਧਿਆਣਾ ਵਿਚ
ਸ: ਨੰਦ ਸਿੰਘ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ।

[ ... ੧੦੦੦]

Sri Satguru Jagjit Singh Ji Elibrary NamdhariElibrary@gmail.com

7

ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

# ਤਤਕਰਾ ੬੨


| | | |
|---|---|---|
| ੧ | ਲੇਖਕ ਵਲੋਂ ਦੋਹਿਰਾ ਕਬਿਤ | ੧ |
| ੨ | ਸਮਰਪਨ | ੨ |
| ੩ | ਭੂਮਿਕਾ | ੩ |
| ੪ | ਪਹਿਲਾ ਨਿਰਨਾ | |
| ੫ | ਸੰਗਤਾਂ ਨੂੰ ਉਪਦੇਸ਼ | ੧੪ |
| ੬ | ਨਿਰਨਾਂ ਦੂਜਾ | ੩੧ |
| ੭ | ਖਾਲਸੇ ਦੀ ਵਾਰ | ੩੫ |
| ੮ | ਤਤ ਗੁਰਮਤ ਨਿਰਨੇ ਚੋਂ | ੩੯ |
| ੯ | ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚੋਂ | ੪੩ |
| ੧੦ | ਸਚਾ ਗੁਰੂ ਤੇ ਤੇਜ ਧਾਰਾ | ੪੪-੪੫ |
| ੧੧ | ਤੀਜਾ ਨਿਰਨਾਂ | ੪੮ |
| ੧੨ | ਕਬਿਤ ਭਾਈ ਗੁਰਦਾਸ ਜੀ | ੫੧ |
| ੧੩ | ਚੌਥਾ ਨਿਰਨਾ | ੫੫ |
| ੧੪ | ਕਬਿਤ ਗਿਆਨੀ ਗਿਆਨ ਸਿੰਘ ਜੀ | ੫੫ |
| ੧੫ | ਪੰਜਵਾਂ ਨਿਰਨਾਂ | ੬੮ |
| ੧੬ | ਅੰਤਮ ਬਿਨੈ | ੭੩ |
| ੧੭ | ਭੁਲ ਦੀ ਸੋਧ ਤੇ ਬੇਨਤੀ | ੭੫ |


ਜਗਜੀਤ ਸਿੰਘ ਪੁਸਤਕਾਲਯ
ਪ੍ਰਾਰਕ ਨੰ.
ਮਿਤੀ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ ★ ਸ੍ਰੀ ਭੈਣੀ ਸਾਹਿਬ ★
ਪੁਸਤਕ ਨੰ. ..........
ਅਲਮਾਰੀ ..........

Sri Satguru Jagjit Singh Ji Elibrary NamdhariElibrary@gmail.com

ਜਾਨੀ ਪਰੇ ਸੁ ਹੋਏ ਬਿਪਰੀਤੀ।

ਬਿਚਲ ਜਾਏਗੀ ਸੰਗਤ ਸਾਰੀ।
ਕੈ ਚਿਤ ਹੋਏਂ ਮੀਨਣ ਅਨੁਸਾਰੀ।
ਧੀਰ ਮਲ ਕੋ ਮਾਨੈ ਕੋਈ।
ਸਿਖ ਰਾਮ ਰਾਏ ਕੇ ਹੋਈ।

ਇਤਆਦਿਕ ਸੋਢੀ ਜਿ ਔਰ।
ਲੇਬਿਰਮਾਏ ਆਪਨੀ ਠੌਰ।
ਬਿਨ ਗੁਰ ਸੰਗਤ ਹੈ ਥਿਰ ਕੋਏ ਨ।
ਜਥਾ ਨ੍ਰਿਪਤ ਬਿਨ ਸੈਨਾਂ ਹੋਏ ਨ।

ਰਹੇ ਨ ਜਬ ਗਾਦੀ ਕੋ ਮਾਲਕ।
ਧਨ ਹਿਤ ਬਨੈ ਅਪਰ ਤਤਕਾਲਕ
ਬਕਤਹੀਨ ਜਿ ਹੋਏਂ ਗੁਰ ਔਰਾ।
ਆਪਸ ਬਿਖੈ ਪਾਏਂ ਬਡ ਰੌਰਾ।

ਸਿਆਨੇ ਸਮਝੇ ਤਬ ਹਟ ਜਾਏਂ।
ਇਮ ਗੁਰਸਿਖੀ ਜਗਹਿ ਬਿਲਾਏ।
ਸ੍ਰੀ ਗੁਰ ਨਾਨਕ ਆਦਿਕ ਭਏ।
ਜਗ ਮੈ ਸਿਖੀ ਕੋ ਦ੍ਰਿੜ ਕਏ।

ਸੋ ਨ ਬਿਨਸੇ ਜਿਮ ਜਗ ਮਾਹੀ।
ਉਚਿਤ ਕਰਨ ਕੇ ਕਹੋ ਬਿਧਿ ਤਾਹੀ।
ਨਹਿ ਤੇ ਡੋਲ ਜਾਏਗੀ ਸੰਗਤ।
ਬੈਠਨ ਲਗਹਿ ਅਪਰ ਕੀ ਪੰਗਤ।

Sri Satguru Jagjit Singh Ji Elibrary NamdhariElibrary@gmail.com

ਬਿਰਦ ਕ੍ਰਿਪਾਲ ਕਿਰਪਾ ਨਿਜ ਕੀਜੈ।

ਸਪਤਮ ਗੁਰੂ ਸ੍ਰੀ ਹਰਿ ਰਾਏ।
ਸੁਤ ਤਜ ਬਡੋ ਨ ਉਚਿਤ ਲਖਾਏ।
ਅਪਨੇ ਬਦਨ ਲਗਾਯਵ ਨਹੀਂ।
ਕੁਰਤਾ ਦੇਨੋ ਤੋਂ ਕਿਤ ਰਹੀ।

ਤੁਮ ਕੋ ਨਿਜ ਅਸਥਾਨ ਬਠਾਏ।
ਸਭ ਬਿਧੀ ਉਚਿਤ ਜਾਨ ਹਰ ਖਾਏ।
ਕਿਤਕ ਮਾਸ ਜੁਗ ਸੰਮਤ ਬੀਤੇ।
ਜਬ ਤੇ ਜਗਤ ਗੁਰੂ ਤੁਮ ਕੀਤੇ।

ਤਬ ਕੀ ਸੰਗਤ ਸਰਬਸਮਾਲੀ।
ਸਿਖੀ ਰੀਤ ਭਲੇ ਪ੍ਰਤਿਪਾਲੀ।
ਚਹਿਤ ਭਏ ਅਬ ਅੰਤਰ ਧਿਆਨ।
ਨਹੀਂ ਬਠਾਯੋ ਕੋ ਨਿਜ ਥਾਨ।

ਅਬ ਸਭ ਸੰਗਤ ਮਿਲੀ ਬਿਸੂਰਤ।
ਕਾਹਨ ਬਿਲੋਕਹਿ ਗੇ ਤੁਮ ਮੂਰਤ।
ਰਾਵਰ ਨੇ ਕਿਸਕੋ ਲੜ ਲਾਈ।
ਰੀਤ ਪ੍ਰਥਮ ਗੁਰੂਅਨ ਚਲਆਈ।

ਕਰਹੁ ਅਬ ਭੀ ਤਿਨਹੁ ਸਮਾਨ।
ਜਿਸਤੇ ਸਿਖੀ ਰਹੇ ਜਹਾਨ।
ਜੋ ਨ ਕਰਹੁ ਗੇ ਪੂਰਬ ਰੀਤੀ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰ
ਪੁਸਤਕ ਨੰ.
ਲਾਇਬ੍ਰੇਰੀ
ਸਾਹਿਬ

ਨਹੀਂ ਸੰਦੇਹ ਹੋਵੇ ਜਿਸ ਭਾਂਤ।
ਸੁਨੀਏ ਗੁਰੂ ਬਾਕ ਬਖਿਆਤ।

ਜਥਾ ਕਰਨ ਅਰਦਾਸ ਆਗਾਰੀ।
ਮਿਲ ਸਹਤੁ ਤਿਮ ਭਲੇ ਬਿਚਾਰੀ।
ਤਬ ਗੁਰਬਖਸ਼ ਭਲੇ ਸਮਝਾਯੋ।
ਜਿਮ ਇਸ ਸਮੇਂ ਕਠਿਨ ਬਨ ਆਇਉ।

ਠਹਿਰਿਉ ਮਤ ਜਿਮ ਸਭ ਹਨ ਕੇਰਾ।
ਕਹਿਬੇ ਹੇਤ ਅਗੇਰ ਸੁਪ੍ਰੇਰਾ।
ਭਏ ਸੰਗ ਤਿਸਕੇ ਸਿਖ ਸਿਆਨੇ।
ਗੁਰ ਮਰਜਾਦ ਜਿ ਚਹਿਤ ਮਹਾਨੇ।

ਆਗੇ ਸਤਿ ਕੀਨਸ ਤ੍ਰਿਆਰੇ।
ਕੁਸ਼ ਕੋ ਆਸਤਰਣ ਛਿਤ ਧਾਰੇ।
ਦਾਸਨ ਸੋ ਕਹਿ ਕਹਿ ਕਰਵਾਵੈ।
ਸੁਨਤ ਬਿਲੋਕਨ ਜਲ ਦ੍ਰਿਗ ਛਾਵੈ।

ਘਟਕਾ ਚਾਰ ਬਤੀਤਨ ਕਰੀ।
ਤਬ ਗੁਰਬਖਸ਼ ਅਗਰ ਹੋਇ ਖਰੇ।
ਸਭ ਕੇ ਹਿਤ ਕੀ ਸੁਭਅਰਦਾਸ।
ਕਰੀ ਗੁਰੂ ਕੇ ਪਾਸ ਪ੍ਰਕਾਸ਼।

ਪ੍ਰਿਥਮ ਲੀਏ ਸਭ ਗੁਰ ਕੇ ਨਾਮ।
ਜਿਨ ਕੇ ਸੁਜਸ ਜਗਤ ਅਭਿਰਾਮ।
ਸਭ ਸੰਗਤ ਕੀ ਬਿਨੈ ਸੁਨੀਜੈ।

Sri Satguru Jagjit Singh Ji Elibrary NamdhariElibrary@gmail.com

ਇਤੀ ਗੁਰੂ ਪ੍ਰਤਾਪ ਸੂਰਜ ਰਾ: ੧੦ ਅਸੂ ੫੧ ਤੇ ਰਾਸ ੧੦ ਅੰਸੂ ਪਰ ਸ਼ੁਰੂ।

## ਸੰਗਤਾਂ ਨੂੰ ਉਪਦੇਸ਼।

( ਦੋਹਰਾ )

ਸੂਰਜ ਅਸਤਣੇ ਪ੍ਰਾਰ ਦਿਸ ਭਾ ਸੰਧਿਆ ਕੋਕਾਲ
ਆਇ ਜਾਏ ਸਿਖ ਪੁਰੀ ਤੇ ਦਰਸਿਤ ਗੁਰ ਕ੍ਰਿਪਾਲ

(ਚੌਪਈ) ਬ੍ਰਿੰਦ ਮਸੰਦ ਥਿਰੇ ਸਭ ਆਏ।
ਜੋ ਗੁਰਬਖਸ਼ ਆਦਿ ਮੁਖ ਗਾਏ।
ਅੰਤ੍ਰ ਬਾਹਰ ਭਰਿ ਬਹੁ ਹੋਈ।
ਧਰੇ ਸ਼ੋਕ ਨਹਿ ਬੋਲਤ ਕੋਈ।

ਦਰਸਨ ਕਰੇਂ ਬਾਹਰ ਥਿਰ ਹੋਏ।
ਵਾਹਿਗੁਰੂ ਸਿਮਰਤ ਸਭ ਕੋਏ।
ਪੂਰਕੀ ਸੰਗਤ ਕੇ ਸਿਖ ਸਿਆਨੇ।
ਗੁਰ ਚਰਿਤ੍ਰ ਤੇ ਉਰ ਬਿਸਮਾਨੇ।

ਸਭ ਗੁਰਬਖਸ਼ ਸੰਗ ਮਿਲ ਕਹਿਯੰ।
ਅਬ ਮਿਲ ਗੁਰਦਰਸਨ ਕੋ ਲੇਹਿ।
ਸਮਾਂ ਕਹਿਨ ਕੋ ਲਖ ਮਨ ਮਾਹੀ।
ਬੂਝੋ ਸਕਲ ਹੋਇ ਕਰ ਪਾਹੀ।

ਜਬ ਹੋਏ ਜਾਏ ਹੈਂ ਅੰਤਰ ਧਿਆਨ।
ਰਿਦੇ ਬਿਸੂਰਤ੍ਰ ਰਹੇ ਮਹਾਨ।

Sri Satguru Jagjit Singh Ji Elibrary NamdhariElibrary@gmail.com

ਤਿਸ ਮੈ ਕਹਿਯੋ ਸੋ ਕਰੈ ਕਮਾਵਨ ।
ਚਾਰ ਪਦਾਰਥ ਲੈ ਮਨ ਪਾਵਨ ।

ਹੋਇ ਕਾਮਨਾਂ ਸਿਖ ਕੋ ਕੋਈ ।
ਬਿਘਨ ਪਰਹਿ ਕੈ ਸੰਕਟ ਹੋਈ ।
ਸਰਨਿ ਗਰੰਥ ਸਾਹਿਬ ਕੀ ਜਾਏ ।
ਤਤ ਛਿਨ ਸਤਿਗੁਰ ਬਨੈਂ ਸਹਾਏ ।

ਸਰਧਾਲੂ ਕੋ ਸਭ ਕੁਛ ਅਹੈ ।
ਹੋਇ ਅਸਰਧਕ ਕਿਮਹੂ ਨ ਲਹੈ ।
ਤਨ ਸਦੀਵ ਥਿਰ ਹੋਇ ਨ ਕੋਇ ।
ਰਿਦਾ ਗਰੰਥ ਗੁਰ ਕੋ ਲਿਹੁ ਜੋਇ ।

ਨਿਤ ਦਰਸਨ ਕਰ ਮਸਤਕ ਟੇਕਹੁ ।
ਹਨਹੁ ਬਿਕਾਰਨ ਪਾਇ ਬਿਬੇਕਹੁ ।
ਇਮ ਸੁਨ ਕਰ ਸਤਿਗੁਰ ਕੀ ਬਾਨੀ ।
ਸਭਨ ਬਿਲੋਚਨ ਤੇ ਬਹੈ ਪਾਨੀ ।

ਗੁਰ ਜੀਵਨ ਕੀ ਆਸ ਚੁਕਾਈ ।
ਦੁਰਲਭ ਦਰਸਨ ਨਹਿ ਪੁਨ ਪਾਈ ।
ਪੁਨ ਜੈ ਸਿੰਘ ਕਹਿਉ ਕਰ ਜੋਰੇ ।
ਸਹੁ ਚਹੈ ਤੁਮ ਚਰਨ ਨਿਹੋਰੇ ।

(ਇਸ ਤੋਂ ਅਗੇ ਮਹਾਰਾਜ ਜੈ ਸਿੰਘ ਸਤਿਗੁਰੂ ਜੀ ਨੂੰ ਔਰੰਗਜ਼ੇਬ ਦਾ ਇਕਰਾਰ ਚੇਤੇ ਕਰਵਾਂਦਾ ਹੈ । ਸਤਿਗੁਰੂ ਜੀ ਉਸ ਦਾ ਉਤਰ ਦੇਂਦੇ ਹਨ, ਸਾਡੇ ਵਿਸ਼ੇ ਨਾਲ ਸਬੰਧਤ ਨਾ ਹੋਣ ਕਰਕੇ ਉਸ ਨੂੰ ਵਿਸਥਾਰ ਤੋਰੋਂ ਨਹੀਂ ਲਿਖਦੇ ।)

Sri Satguru Jagjit Singh Ji Elibrary NamdhariElibrary@gmail.com

ਅਪਰ ਸਭਾ ਸਭ ਤੂਸ਼ਨ ਧਾਰੀ।
ਹਾਥ ਜੋਰ ਦੇਖਤ ਮੁਖ ਪੰਦਮ।
ਅਜਮਤ ਲੇ ਬਖਸ਼ਿਨ ਕੇ ਸੱਦਮ।

ਸੰਗਤ ਬਿਨਤੀ ਤੇ ਕਿਆ ਭਨੋਹ।
ਸਗਰੇ ਮਨ ਮਹਿ ਇਸ ਬਿਧਿ ਗੁਨਹਿ।
ਕ੍ਰਿਪਾ ਨਿਧਾਨ ਬਚਨ ਪੁਨ ਭਨਿਯੋ।
ਮੋਨ ਠਾਨ ਸਭਹਿਨ ਤਬ ਸੁਨਿਯੋ।

ਜਥਾਜੋਗ ਸੰਗਤ ਕੀ ਅਰਜੀ
ਤਊ ਸੁਨਹੁ ਪ੍ਰਮੇਸ਼ਰ ਮਰਜੀ।
ਹਮਰੇ ਤਨ ਤਿਆਗਨ ਬਹੁ ਕਾਰਨ।
ਆਛੇ ਨਹੀਂ ਜੋ ਕਰੇਂ ਉਬਾਰਨ।

ਗੁਰ ਗਾਦੀ ਅਬਚਲ ਜਗ ਮਾਹੀ।
ਵਧੇ ਪ੍ਰਤਾਪ ਮਿਟੇ ਕਿਮ ਨਾਹੀ।
ਮਨੋਂ ਕਾਮਨਾ ਸੰਗਤ ਪਾਵਹਿ।
ਲੈ ਗੁਰ ਤੇ ਉਪਦੇਸ ਕਮਾਵਹਿ।

ਗੁਰੂ ਗਰੰਥ ਸਾਹਿਬ ਸਭ ਕੇਰਾ।
ਜੋ ਹਮਰੇ ਚਹ ਦਰਸਨ ਹੇਰ।
ਸੋ ਸਰਧਾ ਧਰ ਹੇਰਨ ਕਰੇ।
ਪਾਪਨ ਗਨ ਕੋ ਤਤ ਛਿਨ ਹਰੇ।

ਹਮ ਸੋ ਬਾਤ ਕਰਨ ਕੋ ਚਾਹੇ।
ਪਠਹਿ ਸੁਨੈ ਗੁਰ ਗਰੰਥ ਉਮਾਹੇ।

Sri Satguru Jagjit Singh Ji Elibrary NamdhariElibrary@gmail.com

ਤਰੁਨ ਹੋਇ ਸੰਤਤਿ ਉਪਜਾਵੈ ।
ਬਨਹੁ ਉਚਿਤ ਜਬਹੂੰ ਲਖ ਪਾਵੈ ।
ਆਪਨੇ ਥਾਨ ਬਿਠਾਵਨ ਕੀਜੈ ।
ਪੁਨ ਪ੍ਰਲੋਕ ਜਾਨੇ ਮਨ ਦੀਜੈ ।

ਮ੍ਰਿਤ ਸੁ ਛੰਦ ਤੁਮਰੋ ਸਮਰੱਥ ।
ਤਨ ਧਾਰਨ ਤਿਆਗਨ ਨਜ ਹੱਥ ।
ਯਾ ਤੇ ਸਭੁ ਕੇ ਕਹਿਬੋ ਬਨੈਂ :
ਬਡੋ ਤਥਾ ਜਿਮ ਬਾਛਹੁ ਮਨੈਂ ।

ਅਪਰਨ ਕੀ ਮ੍ਰਿਤੁ ਕਿਮ ਹੋਇ ਜਾਇ ।
ਜਿ ਅਭਿਲਖੋ ਸੁਕਹੋਂ ਜਿਵਾਇ ।
ਇਹ ਰੂਢ ਨਈ ਨਹੀਂ ਹਮ ਕਹੀ ।
ਗੁਰ ਘਰ ਮੈਂ ਨਿਤ ਹੋਵਤ ਰਹੀ ।

ਕੌਨ ਕੌਨ ਹਮ ਕਰੈਂ ਬਿਤਾਵਨ ।
ਜੇਤਕ ਮਿਰਤਕ ਕੀਨ ਜਵਾਵਨ ।
ਬਿਦਤ ਜਗਤ੍ਰ ਮੈ ਛਪੀ ਨ ਕੋਇ ।
ਸਰਬ ਕਲਾ ਸਮਰੱਥ ਗੁਰ ਹੋਇ ।

ਅਨਿਕ ਮ੍ਰਿਤਕ ਜਿ ਦਏ ਜਵਾਏ ।
ਨਿਜ ਜੀਵਨ ਮੈ ਸੰਸੈ ਕਾਇ ।
ਬਾਲ ਬਿਵਸਥਾ ਮੈਂ ਤੁਮ ਅਹੈਂ ।
ਅਸਮੰਜਸ ਹਮ ਲਖ ਸਭ ਕਹੈਂ ।

ਸੁਨੀ ਬਾਰਤਾ ਸਤਿਗੁਰ ਸਾਰੀ ।

Sri Satguru Jagjit Singh Ji Elibrary NamdhariElibrary@gmail.com

ਕੋਂਦਤ ਹੋਰ ਪੈਤ ਬਲਿਹਾਰੇ।

ਜਥਾ ਉਚਤ ਬੈਠੇ ਧਰ ਮੌਨ।
ਕਰਤ ਬਿਲੋਕਨ ਬੋਲਹਿ ਕੌਨ।
ਜੈ ਪੁਰ ਪਤਿ ਕੇ ਰੁਖ ਲਖ ਕਰਕੈ।
ਕਹੇ ਗੁਰਬਖਸ਼ ਨਿੰਮਰਤਾ ਧਰ ਕੈ।

ਸਿਰੀ ਸਤਿਗੁਰੂ ਅੱਪ ਸਰਬੱਗਯ।
ਕਿਯ ਕਹੇ ਸਕਹਿ ਜਿ ਨਰ ਅਲਪੱਗਯ।
ਤਉ ਆਪਨੋਂ ਹਿਤ ਚਿਤ ਚਹੈਂ।
ਸਮਰੱਥਨ ਢਿਗ ਬਿਨਤੀ ਕਹੈਂ।

ਆਗੇ ਭਏ ਸਪਤ ਗੁਰ ਜੋਇ।
ਦਾਸ ਕਿਧੋ ਲਾਇਕ ਸੁਤ ਕੋਇ।
ਸਭ ਬਿਧਿ ਤੇ ਸਮਰੱਥ ਤਿਸ ਕਰਕੈ।
ਗੁਰਤਾ ਗਾਦੀ ਪਰ ਬੈਠ ਰਕੈ।

ਸਕਲ ਸੰਗਤਾਂ ਆਦਿ ਮਸੰਦ।
ਬਭ ਗਹਿਵਾਇ ਦਾਸ ਜਿ ਬਰਿੰਦ।
ਬਹੁਰ ਚਹੇ ਪਰਲੋਕ ਪਿਆਨਾ।
ਕਰਤ ਰਹੇ ਜਣ ਗਨ ਦੁਖ ਹਾਨਾ।

ਜੈਪੁਰ ਨਾਥ ਸੋਹਤ ਇਸ ਬੇਰੀ।
ਬਿਨਤੀ ਸੁਨੋ ਸੰਗਤਾਂ ਕੇਰੀ।
ਸਭ ਦਾਸਨ ਪਰ ਕਰੁਣਾ ਕਰੀਏ।
ਭੋਗਹੁ ਬੈਸ ਕੇ ਦਰਸ ਦਿਖਰੀਏ।

Sri Satguru Jagjit Singh Ji Elibrary NamdhariElibrary@gmail.com

ਸਕਲ ਆਨ ਪਹੁੰਚੇ ਜਬ ਪੌਰ ।
ਭਈ ਭੀਰ ਥਿਰ ਭੇ ਤਿਸ ਠੌਰ ।

ਅੰਤਰ ਸਤਿਗੁਰ ਨਿਕਟ ਜਨਾਯੋ ।
ਸੁਨ ਸੁਧ ਜੈ ਪੁਰ ਕੋ ਪਤਿ ਆਯੋ ।
ਬ੍ਰਿੰਦ ਮਸੰਦ ਸੰਗਤਾਂ ਸਾਰੀ ।
ਆਨ ਥਿਰੀ ਸਭ ਪੌਰ ਅਗਾਰੀ ।

ਸੁਨ ਕਰ ਸ੍ਰੀਹਰਿ ਕ੍ਰਿਸ਼ਨ ਉਚਾਰਾ ।
ਫਰਸ ਡਸਾਵਹੁ ਬਿਬਿਧ ਪਰਕਾਰਾ ।
ਆਨ ਸਭਨ ਕੋ ਦੇਹੁ ਬਠਾਏ ।
ਦਰਸਨ ਕਰਹਿ ਕਾਮਨਾਂ ਪਾਏ ।

ਗਯੋ ਮੇਵੜਾ ਆਇਸ ਲੈਕੇ ।
ਅੰਤਰ ਸਕਲ ਹਕਾਰਨ ਕੈਕੇ ।
ਸ੍ਰੀ ਸਤਿਗੁਰ ਤਬ ਹੈ ਸੁਧਾਨਾ ।
ਬੈਠੇ ਦਰਸਨ ਦੇਨ ਸੁਜਾਨਾ ।

ਪਿਖ ਗੁਰਬਖਸਹਿ ਜੈ ਪੁਰ ਨਾਥ ।
ਪ੍ਰਵਿਸ਼ਯੋ ਅੰਤਰ ਗਹਿਤਿਸ ਹਾਥ ।
ਇਨ ਦੋਇਨ ਤੇ ਪੀਛੇ ਸਾਰੇ ।
ਆਨ ਬਰੇ ਚਿੰਤਾ ਚਿਤ ਧਾਰੇ ।

ਗੁਰ ਤਨ ਪਿਖਿਉ ਬ੍ਰਿੰਦ ਬਿਸ ਫੋਟ ।
ਭਰੇ ਸਰਬ ਦੀਰਘ ਕੋ ਛੋਟ ।
ਛੁਰ ਬੰਦਹਿ ਬੰਧਨ ਕੋ ਧਾਰਹਿ ।

ਚੌਪਈ–ਸੇਵਾ ਹੇਤ ਦਾਸ ਜੋ ਨੇਰੇ ।
ਨੇਤਰ ਉਘਾਰ ਤਿਨੇਂ ਦਿਸ ਹੇਰੇ ।
ਕਹਿਉ ਹੁਕਮ ਹਮ ਚਲਹਿ ਪਰਲੋਕ
ਜੋ ਦਰਸਨ ਕਾਂਖੀ ਸਭ ਲੋਕ ।

ਹੈ ਮਸੰਦ ਗੁਰਬਖਸ਼ ਸਿਆਲਾ ।
ਦਿਲੀ ਨਗਰ ਬਿਖੇ ਸਭ ਕਾਲਾ ।
ਤਿਸ ਤੇ ਆਦਿਕ ਅਹਿ ਜਿ ਅਹੈਂ ।
ਅਰੁ ਸਿਖ ਸੰਗਤ ਦਰਸ ਜਿ ਚਹੈਂ ।

ਤਿਨ ਸਭਹਿਨ ਕੋ ਆਨਿ ਹਕਾਰ ।
ਪਾਵਹਿ ਦਰਸ ਆਨ ਦਰਬਾਰ ।
ਸੁਨਤ ਬਿਲੋਚਨ ਦਾਸਣ ਭਰੇ ।
ਤਤ ਛਿਨ ਅੰਸਰੁ ਬੂੰਦ ਗਿਰ ਪਰੇ ।

ਮਾਤਾ ਆਦਿਕ ਸਭਿਨ ਸੁਨਾਏ ।
ਸਮੁਦਾਇਨ ਕੋ ਸ਼ੋਕ ਉਪਾਏ ।
ਪੁਨ ਗੁਰਬਖਸ਼ ਹਕਾਰਨ ਕਰਿਉ ।
ਸੁਨ ਕਰ ਨੇਤ੍ਰਨ ਮੇਹਿ ਜਲ ਭਰਿਯੋ ।

ਅਪਰ ਸਿਖ ਸੰਗਤ ਬੁਲਵਾਏ ।
ਦਰਸਨ ਕੇ ਕਾਰਨ ਚਲ ਆਏ ।
ਰਿਦੇ ਬਿਸੂਰਤ ਮੁਖ ਮੁਰਝਾਏ ।
ਤੂਰਨ ਠਾਨ ਪਹੁਚੇ ਤਿਸ ਠਾਏ ।

ਜੋ ਸਿੰਘ ਆਦਿ ਅਪਰ ਨਰ ਘਨੇਂ ।
ਉਤਲਾਵਤ ਚਿਤ ਚਿੰਤਾ ਸਨੇਂ ।

ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਤੇ ਭਾਈ ਰਾਮ ਕੌਇਰ ਜੀ, ਤੇ ਹੋਰ ਸਾਖੀਆਂ ਤੇ ਸਿਖਾਂ ਤੇ ਸੰਤਾਂ ਤੋਂ ਤੇ ਜਿਥੋਂ ਕਿਥੋਂ ਮਿਲਿਆ ਗੁਰੂ ਜੱਸ ਭਾਈ ਸੰਤੋਖ ਸਿੰਘ ਜੀ ਸੂਰਜ ਪਰਕਾਸ਼ ਲਿਖਦੇ ਹਨ। ਜੋ ਗੁਰ ਰਸਨਾ ਅੰਮਰਿਤ ਬੋਲਦੀ ਹਰਿ ਨਾਮ ਸੁਹਾਵੀ ਤੇ ਸਦ ਪੀੜੀ ਗੁਰੂ ਚਲੰਦੀ ਦੇ ਗੁਰਬਾਣੀ ਗੁਰੂ ਨਾਨਕ ਮਤਨੁਸਾਰ ਉਹਨਾਂ ਨੂੰ ਮਸਾਲ਼ਾ ਪਰਾਪਤ ਹੋਇਆ ਹੈ। ਤੇ ਸੰਤੋਖ ਸਿੰਘ ਜੀ ਤੋਂ ਪਹਿਲੇ ਤੇ ਪਿਛੋਂ ਤੇ ਸਿੰਘ ਸਭਾ ਮਤ ਤੋਂ ਪਹਿਲਾਂ ਕਿਸੇ ਨੇ ਗੁਰੂ ਹਰਿ ਕਰਿਸ਼ਨ ਜੀ ਦੇ (ਸੰਗਤਾਂ ਨੂੰ ਉਪਦੇਸ਼ ਵਾਲੇ ਮਤ ਦੇ ਉਲਟ ਨਹੀਂ ਮੰਨਿਆ ਧਲਿਕੇ ਏਥੋਂ ਤਕ ਕਿ ਪਾਠਕ ਪੜ੍ਹ ਚੁਕੇ ਹਨ ਕਿ ਭਾਈ ਵੀਰ ਸਿੰਘ ਜੀ ਤੇ ਹੋਰ ਗੁਣੀ ਤੇ ਵਿਦਵਾਨਾਂ ਨੇ ਸਵੀਕਾਰਤਾ ਹੀ ਕੀਤੀ ਹੈ। ਜੇ ਭਾਈ ਜੀ ਨੂੰ ਅੰਤਰ ਆਤਮੇਂ ਗੁਰਗਾਦੀ ਅਬਚਲ ਜਗਮਾਹੀ ਵਧੇ ਪਰਤਾਪ ਮਿਟੇ ਕਿਮਨਾਹੀ। ਮਨੋਕਾਮਨਾਂ ਸੰਗਤ ਪਾਵਹਿ ਲੈ ਗੁਰ ਤੇ ਉਪਦੇਸ਼ ਕਮਾਵਹਿ ਆਦਿ ਲਿਖੇ ਵਾਕਾਂ ਤੇ ਆਸ਼ਿਆਂ ਤੇ ਇਤਰਾਜ਼ ਹੁੰਦਾ ਤਾਂ ਜ਼ਰੂਰ ਸਿੰਘ ਸਭੀ ਮਤ ਅਨੁਸਾਰ ਟੀਕਾ ਟਿਪਣੀ ਕਰਦੇ, ਹੁਣ ਮੈਂ ਜ਼ਿਉਂ ਕਾ ਤਿਉਂ (ਸੰਗਤਾਂ ਨੂੰ ਉਪਦੇਸ਼ ਵਾਲਾ ਗੁਰੂ ਹਰਿ ਕਰਿਸ਼ਨ ਜੀ ਦਾ ਬਾਬਾ ਬਕਾਲੇ ਵਾਲਾ ਪਰਸੰਗ ਸੂਰਜ ਪਰਕਾਸ਼ ਚੋਂ ਲਿਖਿਆ ਛੋਟਾ ਕਰਦਾ ਹਾਂ। ਜੋ ਟੀਕੇ ਤੇ ਪਰਯਾਵਾਂ ਵਾਲ਼ੀ ਜਿਲਦ ੧੦ਵੀਂ ਦੇ ਪੰਨਾਂ ੩੯੫ ਤੇ ਰਾਸ ਦਸਵੀਂ ਮੁਕੀ ਗਿਆਰਵੀਂ ਸਾਰੀ ਤੇ ਬਾਰਵੀਂ ਜਾਰੀ ਵਿਚ ਔਂਦਾ ਹੈ।

## ਸੰਗਤਾਂ ਨੂੰ ਉਪਦੇਸ਼

( ਦੋਹਰਾ )

ਚੇਤ ਚਤਰ ਦਸਮੀ ਭਈ ਚਾਹਿਤ ਭੇ ਪਰਲੋਕ।
ਬਿਆਕੁਲ ਤਨ ਕੀ ਦਸ਼ਾ ਬਹੁ ਦੇਖਤ ਦਾਸ ਸਸ਼ੋਕ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰ ਕੋ ਇਤਿਹਾਸ ਜਗਤ ਮਹਿ ।
ਰਲ ਮਿਲ ਰਹਿਉ ਏਕ ਥਲ ਸਭ ਨਹਿ ।
ਬਹੁਤ ਬਰਸ ਬੀਤੇ ਜਬ ਲਹੇ ।
ਗੁਰ ਜੱਸ ਰਚਨ ਚਾਹਤੇ ਰਹੇ ।
ਉਰ ਅਭਿਲਾਖਾ ਨਿਤ ਕੀ ਮੋਰੀ ।
ਸਤਿਗੁਰ ਕਿਰਪਾ ਦ੍ਰਿਸਟ ਕਰ ਹੋਰੀ ।
ਭਇਓ ਅਚਾਨਕ ਮੁੰਹੇ ਆਈ ।
ਸਰਬ ਗੁਰੂਅਨ ਕੋ ਜਸ ਸੁਖਦਾਈ ।
ਚਾਹਤ ਭਏ ਆਪ ਗੁਰ ਜਬਹੂੰ ।
ਭਾ ਮੰਹੇ ਦਸ ਗੁਰ ਜਸ ਸਬਹੂੰ ।
ਹੋਰ ਉਮੰਗ ਮੋਹਿ ਮਨ ਆਈ ।
ਕਰਨ ਲਗਿਉ ਇਹ ਗਰੰਥ ਸੁਹਾਈ ।
ਰਾਮ ਕੋਇਰ ਕੇ ਮੁਖ ਤੇ ਕਥਾ ।
ਬਰਨੌਂ ਸਭ ਮੈਂ ਹੋਈ ਜਥਾ ।
ਮੈ ਸੁਨੀ ਜਿਤਕ ਸਿਖਿ ਮੁਖਿ ਦੁਆਰ ।
ਅਰ ਲਿਖੀ ਪਠੀ ਜਹਿ ਕਹਿ ਉਦਾਰ ।
ਕੁਛ ਪਰਸੰਗ ਆਗੇ ਇਸ ਕਹੋਂ ।
ਜਿਸ ਬਿਧਿ ਸੁਨ ਸੰਤਨ ਤੇ ਲਹੌਂ ।

ਭਾਵ ਕਿ ਸੰਤਾਂ ਤੋਂ ਸੁਣਕੇ ਲਿਖਦਾ ਹਾਂ । ਸੰਤ ਸਾਂਤ ਸੁਭਾਵੀ ਸਰੇਸ਼ਟ ਪੁਰਖ ਨੂੰ ਕਹਿੰਦੇ ਹਨ ।'

ਉਪਰ ਲਿਖਿਆ ਸਭ ੧੭੬ ਪੰਨੇ ਤੋਂ ੧੯੦ ਤਕ ਭਾਈ ਵੀਰ ਸਿੰਘ ਜੀ ਦੇ ਲਿਖੇ ਤੋਂ ਦਿਤਾ ਹੈ। ਪਾਠਕ ਸਮਝ ਸੋਚ ਸਕਦੇ ਹਨ ।

ਕਿ ਸਾਖੀ ਭਾਈ ਬਾਲਾ ਜੀ, ਗਰੰਥ ਸਾਹਿਬ ਜੀ, ਭਾਈ

ਹਨ (੧) ਜਨਮ ਸਾਖੀ ਭਾਈ ਬਾਲਾ ਜੀ (੨) ਵਾਰਾਂ ਕਬਿਤ ਭਾਈ ਗੁਰ ਦਾਸ (੩) ਭਾਈ ਮਨੀ ਸਿੰਘ ਜੀ (੪) ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੀ ਸਹਾਇਤਾ ਭੀ ਲਈ ਹੈ।

(ਜੈਸੇ) ਸਿਰੀ ਨਾਨਕ ਇਤਿਹਾਸ ਪੁਨੀਤਾ ਗਰੰਥ ਅਨੁਸਾਰ ਕਥੀ ਮੈਂ ਰੀਤਾ। ਪੁਨ ਗੁਰਦਾਸ ਭਾਏਉ ਜੋ ਭਾਈ। ਕਛੁਕਕੀਨ ਜੁ ਗੁਰ ਵਡਿਆਈ। ਸਿਰੀ ਅਰਜਨ ਸੁਨ ਜਿਹਕੀ ਬਾਣੀ। ਬਰ ਦੀਨੋਂ ਅਸ ਖਿਧਿਗਤ ਦਾਨੀ। ਪੜੇ ਪਰੇਮਜੁਤ ਸਿਖ ਜੋਊ। ਸਿਖੀ ਕੋ ਪਰਾਪਤ ਹੈ ਸੋਊ। ਤਿਹਅਨੁਸਾਰ ਕਥੀ ਮੈਂਗਾਥਾ। ਤਿਹਕੀ ਸਾਥ ਸੁਨਹੁ ਹਿਤ ਸਾਥਾ।

ਸ੍ਰੀ ਗੁਰੂ ਗੋਬਿੰਦ ਸਿੰਘ ਹਜੂਰੀ। ਮਨੀ ਸਿੰਘ ਭਯੋ ਗਤ ਰੂਰੀ। ਜਿਹ ਸਿਰ ਲੋ ਸਿਖੀ ਨਿਰਬਾਹੀ। ਤਿਹ ਅਨੁਸਾਰ ਕਥਾ ਮੈ ਪ੍ਰਾਹੀ।

ਦੋਹਿਰਾ ॥ ਰਾਮ ਕੋਇਰ ਇਸ ਭਾਂਤ ਭਾ ਢਿਗ ਦਸਮੇ ਪਾਤਸਾਹਿ।
ਬਹੁਤ ਬਾਰਤਾ ਤਬ ਕਰੀ ਆਗੈ ਸੁਨੀਐ ਤਾਹਿ।

ਚੌਪਈ—ਇਸ ਕੀ ਕਹੀ ਕੁਛਕ ਗੁਰ ਕਥਾ।
ਸਰਬ ਸੁਨਾਵੋ ਮਮ ਮੱਤ ਜਥਾ।
ਮਨੀ ਸਿੰਘ ਭਏ ਬੁਧਿਵਾਨ।
ਤਿਨਹੁ ਬਰਤੰਤ ਜੋ ਕੀਨ ਬਖਾਨਿ।
ਇਸ ਸੁਭ ਗਰੰਥ ਬਿਖਿ ਮੈਂ ਕਹੌਂ।
ਸ੍ਰੀ ਗੁਰ ਸੁ ਜੱਸ ਜਹਾਂ ਤੇ ਲਹੌਂ।
ਤਹਿ ਤੇ ਕਰੋਂ ਬਰੰਨਨ ਸਾਰੇ।
ਕਿਤ ਕੁ ਸੁਨੀ ਸਿੱਖਨ ਮੁਖ ਦੁਆਰੇ
ਸੋ ਸਭ ਇਸ ਮੇ ਲਿਖੋਂ ਬਨਾਈ।
ਛੰਦ ਬੰਦ ਕਰ ਸੁੰਦਰ ਤਾਈ।
ਕਿਤ ਕਿਤ ਅਪਰ ਥਾਨ ਗੁਰ ਕਥਾ।
ਸੋ ਮੈਂ ਰਚੌਂ ਦੇਖ ਹੌਂ ਜਥਾ।

Sri Satguru Jagjit Singh Ji Elibrary NamdhariElibrary@gmail.com

ਸੁਨ ਸੁਨ ਗ੍ਰਹਿ ਆਤਮਾਂ ਸੰਮਤ ਆਦ ਪਛਾਨ ।
ਤੇ। ਸਾਵਣ ਮਹਿ ਇਸ ਗਰੰਥ ਕੀ ਭਈ ਸਮਾਪਤ ਆਏ।

ਜਿਸ ਦਾ ਅਰਥ ੧੯੦੦ ਸੰਮਤ ਤੇ ਸਾਵਨ ਦਾ ਮਹੀਨਾ ਹੈ। ਤੇ ੧੫੯ ਪੰਨੇ ਤੇ ਭਾਈ ਸਹਿਬ ਲਿਖਦੇ ਹਨ ।

'ਕਵੀ ਜੀ ਗਰੰਥ ਸਮਾਪਤ ਕਰਕੇ ਅਪਣੇ ਲੜਕੇ ਬਲਦੇਵ ਸਿੰਘ ਤੇ ਪਰਵਾਰ ਸਮੇਤ ਸਿਰੀ ਅਮਰਿਤਸਰ ਜੀ ਆਏ। ਆਪਣਾ ਗਰੰਥ ਗਿਆਨੀ ਗੁਰਮੁਖ ਸਿੰਘ ਜੀ (ਜੋ ਗਿਆਨੀ ਸੰਤ ਜੀ ਦੇ ਸਪੁਤਰ ਸੇ) ਦੀ ਮਾਰਫਤ ਅਕਾਲ ਬੁੰਗੇ ਸਾਹਿਬ ਪ੍ਰੇਸ਼ ਕੀਤਾ।

(ਭਾਈ ਵੀਰ ਸਿੰਘ ਜੀ ਗਿ: ਸੰਤ ਸਿੰਘ ਜੀ ਦੇ ਪੁਸਤਕਾਲਯ ਬਾਬਤ ਟੂਕ ਦੇਂਦੇ ਲਿਖਦੇ ਹਨ।)

ਸੂਰਜ ਪਰਕਾਸ਼ ਮੁਕਾ ਸਾਵਣ ਜਾਂ ਚੜਦੇ ਅਸੂ ਮਹਾਰਾਜ ਸ਼ੇਰ ਸਿੰਘ ਕਤਲ ਹੋਏ ੧੫ ਸੰਤਬਰ ਨੂੰ। ਅਰਥਾਤ ਭਾਦੋਂ ਦੇ ਅਖੀਰ ਇਸ ਦਾ ਮਤਲਬ ਇਹ ਨਿਕਲਿਆ ਕਿ ਏਨ੍ਹੀ ਦਿਨੀਂ ਸਿੰਘਾਂ ਸ਼ਾਹੀ ਦੌਰ ਸੀ ਤੇ ਸਹੀ ਰਣਜੀਤ ਰਾਜ ਖਤਮ ਹੋ ਚੁਕਾ ਸੀ। ਪਰ ਗਰੰਥ ਗੁਰੂ ਵਾਲੀ ਗਲਦੀ ਸੋ ਖੁਸ਼ਬੋ ਤਕ ਨਹੀਂ ਸੀ। ਜੇ ਹੁੰਦੀ ਤਾਂ ਭਾਈ ਸੰਤੋਖ ਸਿੰਘ ਜੀ ਨੇ ਸਿਖਾਂ ਦੀ ਦੁਬਾਰਾ ਅਰਜ ਕਰਨ ਤੇ ਗਰੰਥ ਗੁਰੂ ਤੋਂ ਬਾਬਾ ਬਕਾਲੇ ਵਾਲਾ ਪਰਸੰਗ ਲਿਖਿਆ ਹੈ ਤਾਂ ਦਸ਼ਮੇਸ਼ ਜੀ ਵਲੋਂ ਭੀ ਗਰੰਥ ਸਾਹਿਬ ਨੂੰ ਗੁਰੂ ਪਦ ਮਿਲਨ ਦਾ ਪਰਸੰਗ ਭੀ ਜਰੂਰ ਲਿਖਤ ਵਿਚ ਲਿਉਂਦੇ, ਪਰ ਕਿਤੇ ਰਣਜੀਤ ਰਾਜ ਤਕ ਤੇ ਸੂਰਜ ਪਰਕਾਸ਼ ਦੀ ਹੋਂਦ ਤਕ ਗਰੰਥ ਜੀ ਨੂੰ ਗੁਰਤਾ ਦੇਣ ਦਾ ਜਿਕਰ ਨ ਔਣਾਂ ਸਾਬਤ ਕਰਦਾ ਹੈ ਕਿ ਅੰਗਰੇਜ਼ਾਂ ਦੀ ਦਲੀਲ ਦੇ ਅਧਾਰ ਤੇ (ਸਿੰਘ ਸਭਾ ਲਹਿਰ ਦਾ ਗਰੰਥ ਗੁਰੂ ਮਤ ਇਕ ਅੰਗਰੇਜ਼ੀ ਮਤ ਹੈ ਗੁਰੂ ਮਤ ਨਹੀਂ)

ਭਾਈ ਵੀਰ ਸਿੰਘ ਜੀ (ਗੁਰ ਪਰਤਾਪ ਸੂਰਜ ਗਰੰਥਾਵਲੀ ਦੇ ਸੋਮੇਂ ਦੇ ਸਿਰਲੇਖ ਹੇਠਾਂ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਚੋਂ ਲਿਖਦੇ

Sri Satguru Jagjit Singh Ji Elibrary NamdhariElibrary@gmail com

ਛਾਪਿਆ, ਸਗੋਂ ਉਪਰ ਲਿਖਿਆ ਭਾਈ ਜੀ ਦਾ ਪਾਠਕ ਪੜ੍ਹ ਚੁਕੇ ਹਨ ਕਿ ਗੁਣੀ ਜਨਾਂ ਸਵੀਕਾਰਤਾ ਕੀਤੀ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਭਾਵੇਂ ਸਿੰਘ ਸਭਾ ਦੇ ਪ੍ਰਭਾਵ ਤਲੇ ਭਾਈ ਜੀ ਗਰੰਥ ਗੁਰੂ ਦਾ ਪਰਚਾਰ ਕਰਦੇ ਹੀ ਸਨ, ਪਰ ਸੰਗਤਾਂ ਨੂੰ ਉਪਦੇਸ਼ ਵਾਲਾ ਅੰਤ ਸਮੇਂ ਦਾ ਗੁਰੂ ਹਰਿਕ੍ਰਿਸ਼ਨ ਜੀ ਦਾ ਪਰਸੰਗ ਭਾਈ ਜੀ ਨੂੰ ਸਾਫ਼ ਮਨਜ਼ੂਰ ਸੀ ਕਿ ਸੰਗਤ ਦਾ ਗਰੰਥ ਗੁਰੂ ਤੇ ਜੋ ਇਤਰਾਜ਼ ਸੀ ਸਹੀ ਸੀ ਅਤੇ ਦੇਹਧਾਰੀ ਦੀ ਵੱਸ ਤੇ ਪਤੀਜਨਾ ਵੀ ਦਰੁਸਤ ਸੀ ਹੋਰ ਏਸੇ ਗੱਲ ਦੀ ਪੁਸ਼ਟੀ ਲਈ ਭਾਈ ਵੀਰ ਸਿੰਘ ਜੀ ਲਿਖਤ।

ਭਾਈ ਸੰਤੋਖ ਜੀ ਦਾ ਜੀਵਨ, ਮੂਲ ਜਿਲਦ ਟੀਕਾ ਸੂਰਜ ਪਰਕਾਸ਼ ਇਸ ਤਰਾਂ ਕਰਦਾ ਹੈ। ੨੫੨ ਪੰਨੇ ਤੇ ਭਾਈ ਜੀ ਲਿਖਦੇ ਹਨ, ਕਈ ਕੁ ਨੁਸਖਿਆਂ ਦੇ ਮੁਕਾਬਲੇ ਤੋਂ ਪਾਠਾਂ ਵਿਚ ਫਰਕ ਨਿਕਲਦੇ ਹਨ ਇਹ ਕਵੀ ਜੀ ਦੇ ਨਹੀਂ ਪਾਏ ਹੋਏ। ਪਰ ਲਿਖਾਰੀਆਂ ਨੇ ਜਦ ਨਕਲਾਂ ਕੀਤੀਆ ਤਾਂ ਕਿਤੇ ਕਿਤੇ ਸਹਿ ਸੁਭਾਵਕ ਪੈ ਗਏ ਹਨ। (ਅਸਲ ਪੋਥੀ ਨਿਜ ਲਿਖਤ ਕਵੀ ਜੀ ਦੀ ਸਾਨੂੰ ਨਹੀਂ ਮਿਲੀ ਏਥੋਂ ਸਪਸ਼ਟ ਹੁੰਦਾ ਹੈ ਕਿ ਭਾਈ ਵੀਰ ਸਿੰਘ ਤੋਂ ਪਹਿਲਾਂ ਭੀ ਗੁਰਸਿਖਾਂ ਨੇ ਇਹ ਗਰੰਥ ਲਿਖਿਆ ਅਤੇ ਛਾਪਿਆ, ਪਰ ਕਿਸੇ ਨੇ ਵੀ ਇਸ (ਸੰਗਤਾਂ ਨੂੰ ਉਪਦੇਸ਼) ਵਾਲੇ ਪਰਸੰਗ ਤੇ ਕੋਈ ਟੀਕਾ ਟਿਪਣੀ ਨਹੀਂ ਕੀਤੀ। ਜਿਸ ਤੋਂ ਸਾਬਤ ਹੋਇਆ ਕਿ ਗਰੰਥ ਗੁਰੂ ਮਤ ਤੇ ਪਰਚਾਰ ਸਿੰਘ ਸਭਾ ਤੋਂ ਹੀ ਚਾਲੂ ਹੋਇਆ ਹੈ ਅੰਗਰੇਜ਼ਾਂ ਦੀ ਦਲੀਲ ਦੇ ਆਸਰੇ।

ਭਾਈ ਵੀਰ ਸਿੰਘ ਜੀ ਸੂਰਜ ਪਰਕਾਸ਼ ਦੇ ਸਮਾਪਤ ਹੋਣ ਦਾ ਸੰਮਤ ਤੇ ਮਹੀਨਾ ਸੰਤੋਖ ਸਿੰਘ ਜੀ ਦੀ ਲਿਖਤ ਤੋਂ ਹੀ ਲੈਂਦੇ ਹਨ। (ਪੰਨਾ ੧੫੯, ਭਾਈ ਸੰਤੋਖ ਸਿੰਘ ਜੀ ਦਾ ਜੀਵਨ)

Sri Satguru Jagjit Singh Ji Elibrary NamdhariElibrary@gmail.com

ਜੋ ਉਧਾਰਾਂ ਤੇ ਸਮਾਧਾਨਾਂ ਦੇ ਇਸ ਗਰੰਥਾਵਲੀ ਵਿਚ ਥਾਉਂ ਥਾਈਂ ਦਿਤੇ ਹਨ। ਸਾਰੇ ਇਸ ਪਹਿਲੀ ਜਿਲਦ ਵਿਚ ਦਿਤੇ ਜਾਂਦੇ ਤਾਂ ਇਹ ਜਿਲਦ ਬਹੁਤ ਵਡੀ ਹੋ ਜਾਂਦੀ ਤੇ ਸਾਰੀ ਖੋਜ ਇਕ ਥਾਵੇਂ ਹੋ ਜਾਂਦੀ, ਪਰ ਪਾਠਕਾਂ ਨੂੰ ਸਮਝਣ ਵਿਚ ਔਖਲ ਕਰਨੀ ਪੈਂਦੀ, ਕਿਉਂਕਿ ਜਿਸ ਵੇਲੇ ਪਾਠਕ ਜਿਸ ਗਲ ਨੂੰ ਜਿਸ ਟਿਕਾਣੇ ਪੜ੍ਹ ਰਿਹਾ ਹੁੰਦਾ ਹੈ, ਉਸਨੂੰ ਸੁਖੈਨਤਾ ਤੇ ਰਸ ਤਾਂ ਹੀ ਰਹਿੰਦਾ ਹੈ, ਜੇ ਉਸਨੂੰ ਉਸੇ ਟਿਕਾਣੇ ਤੇ ਉਸ ਵੇਲੇ ਉਧਾਰ ਮਿਲ ਜਾਵੇ। ਇਸ ਲਈ ਸਾਰੇ ਵਡੇ ਛੋਟੇ ਲੇਖ ਇਸ ਗਰੰਥਾਵਲੀ ਵਿਚ ਥਾਉਂ ਥਾਈਂ ਆਪੋ ਆਪਣੇ ਟਿਕਾਣੇ ਤੇ ਦਿਤੇ ਗਏ ਹਨ।

ਜੈਸਾ ਕਿ ਦੇਵੀ ਪੂਜਣ ਪਰ ੬੦ ਸਫੇ ਦਾ ਲੇਖ ਹੈ, ਬੰਦੇ ਬਹਾਦਰ ਦੀਆਂ ਸਾਰੀਆਂ ਮੱਲਾਂ ਦਾ ਨਕਸ਼ਾ ਤੇ ਕਿਤਨੇ ਲੰਬੇ ਲੇਖ ਦੋ ਤਿੰਨ ਥਾਈਂ ਆਏ ਹਨ। ਇਸੇ ਤਰ੍ਹਾਂ ਉਪਰ ਦਸੇ ਸਾਰੇ ਮਾਮਲਿਆਂ ਨੇ ਕਈ ਸੌ ਸਫੇ ਲਏ ਹਨ।

'ਪਹਿਲੀ ਵੇਰ ਗੁਰ ਪਰਤਾਪ ਸੂਰਜ ਗਰੰਥ ਛਪ ਚੁਕਣ ਤੋਂ ਮਗਰੋਂ ਗੁਣੀ ਜਨਾਂ ਨੇ ਆਪਣੇ ਵਖਿਆਨਾਂ, ਕਥਾ ਤੇ ਲੇਖਾਂ ਵਿਚ ਇਸ ਖੋਜ ਦੀ ਸਵੀਕਾਰਤਾ ਕੀਤੀ ਹੈ।'

ਸ਼ੁਰੂ ਵਿਚ ਪਹਿਲੇ ਸਫੇ ਤੇ ਭੀ ਭੂਮਿਕਾ ਵਿਚ ਭੀ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਸ ਗਰੰਥ ਵਿਚ ਆਏ ਕਠਨ ਮਾਮਲੇ ਖੋਹਲੇ ਜਾਣ ਤੇ ਇਤਰਾਜ਼ ਜੋਗ ਥਾਵਾਂ ਅਰ ਓਕੜਾਈਆਂ ਦੇ ਉਧਾਰ ਤੇ ਸਮਾਧਾਨ ਭੀ ਕੀਤੇ ਜਾਣ।

ਪਰ ਭਾਈ ਸਾਹਿਬ ਇਸ (ਸੰਗਤਾਂ ਨੂੰ ਉਪਦੇਸ਼) ਦੇ ਪਰਸੰਗ ਤੇ ਇਕ ਅਖਰ ਨਹੀਂ ਆਪਣੇ ਵਲੋਂ ਟੀਕਾ ਟਿਪਣੀ ਦਾ ਲਿਖਦੇ। ਜਿਸ ਤੋਂ ਸਾਬਤ ਹੁੰਦਾ ਹੈ ਕਿ ਇਸ ਪਰਸੰਗ ਤੇ ਆਪ ਨੂੰ ਤੇ ਆਪ ਦੇ ਸਮਕਾਲੀ ਤੇ ਪਾਠਕ ਵਿਦਵਾਨਾਂ ਨੂੰ ਕੋਈ ਇਤਰਾਜ਼ ਨਹ

Sri Satguru Jagjit Singh Ji Elibrary NamdhariElibrary@gmail.com

ਨੈਣਾਂ ਦੇਵੀ ਤੇ ਹਵਨ ਦੇ ਪ੍ਰਸੰਗ ਤੇ ਟੀਕਾ ਟਿਪਣੀ ਕੀਤੀ ਹੈ। ਇਸ ਸੰਗਤਾਂ ਨੂੰ ਉਪਦੇਸ਼ ਦੇ ਪ੍ਰਸੰਗ ਤੇ ਉਕਾ ਇਕ ਅੱਖਰ ਦਾ ਵਧਾ ਘਟਾ ਜਾਂ ਟੀਕਾ ਟਿਪਣੀ ਨਹੀਂ ਕੀਤੀ।

ਭਾਈ ਵੀਰ ਸਿੰਘ ਜੀ ਸੂਰਜ ਪ੍ਰਕਾਸ਼ ਦੀ ਭੂਮਿਕਾ ਵਿਚ ੧੪ ਪੰਨੇ ਤੇ ਲਿਖਦੇ ਹਨ। ਇਤਿਹਾਸਕ ਪਹਿਲੂ ਵਿਚ ਜਿਥੋਂ ਤਕ ਬਣ ਪਿਆ ਹੈ। ਜਿਥੇ ਜਿਥੇ ਉਕਾਈਆਂ ਸਨ, ਖੋਜ ਪੜਤਾਲ ਕਰਕੇ ਟੂਕਾਂ ਲਿਖ ਦਿਤੀਆਂ ਹਨ ਤੇ ਦਰੁਸਤੀਆਂ ਲਾ ਦਿਤੀਆਂ ਹਨ। ਜਿਵੇਂ ਬੰਦੇ ਦੇ ਪਸੰਗ ਵਿਚ ਸਾਰਾ ਅਗਾ ਪਿਛਾ ਜੋ ਜੋ ਹੁਣ ਤਕ ਦੀ ਇਤਿਹਾਸਕ ਖੋਜ ਵਿਚੋਂ ਲਭ ਸਕਿਆ ਹੈ। ਸੰਖੇਪ ਹੇਠਾਂ ਲਾ ਦਿਤਾ ਹੈ ਤੇ ਉਸ ਬੀਰ ਬਹਾਦਰ ਦੀਆਂ ਜਿਤਾਂ ਤੇ ਸਫਰਾਂ ਦਾ ਨਕਸ਼ਾ ਬਣਾ ਕੇ ਦੇ ਦਿਤਾ ਹੈ, ਤਾਕਿ ਪਾਠਕਾਂ ਨੂੰ ਸਮਝਨ ਵਿਚ ਦਿਕਤ ਪੇਸ਼ ਨਾ ਆਵੇ। ਬੜੇ ਬੜੇ ਅਹਿਮ ਮਾਮਲੇ ਜੈਸਾ ਕਿ ਕੌਲਾਂ ਦਾ ਪਰਸੰਗ, ਦੇਵੀ ਪੂਜਨ ਦਾ ਮਾਮਲਾ, ਇਹਨਾਂ ਪਰ ਸਵਿਸਥਾਰ ਪੜਤਾਲ ਕੀਤੀ ਗਈ ਹੈ ਤੇ ਉਹ ਪੜਤਾਲ ਸਾਰੀ ਦੇ ਦਿਤੀ ਹੈ।

ਸ੍ਰੀ ਦਸਮੇਸ਼ ਪਿਤਾ ਜੀ ਦੇ ਪਵਿਤਰ ਸਰੀਰ ਪਰ ਕਟਾਰ ਦੇ ਹਮਲੇ ਬਾਬਤ ਜੋ ਬੇ ਪਤਾ ਈ ਹੁਣ ਤਕ ਸੀ ਤੇ ਮਨ ਆਈਆਂ ਲੇਖਕ ਲਿਖਦੇ ਗਏ ਸਨ। ਸਾਰੇ ਦੀ ਪੜਤਾਲ ਕਰਕੇ ਜਿਥੋਂ ਕੁ ਤਕ ਨਿਰਪੱਖ ਖੋਜ ਪਤਾ ਲਾ ਸਕੀ ਹੈ ਆਪਣੇ ਟਿਕਾਣੇ ਲਿਖ ਦਿਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਬਤ, ਕੌਲਾਂ ਦੇ ਪਰਸੰਗ ਬਾਬਤ, ਦੁਰਗਿਆਣੇ ਦੀ ਖੋਜ, ਰਾਗ ਮਾਲਾ ਪਰ ਵਿਚਾਰ, ਬਗਦਾਦ ਸਬੰਧੀ ਖੋਜ, ਜਗਤ ਰਚਨਾ ਪਰ ਸਾਰੇ ਮਤਾਂ ਦੀ ਬਹਿਸ, ਪੈਂਦੇ ਖਾਂ ਵਾਲਾ ਜੰਗ, ਕਲਗੀਧਰ ਜੀ ਦੇ ਸਾਹਿਬਜ਼ਾਦਿਆਂ ਦੇ ਨਾਂਵਾਂ ਦਾ ਕ੍ਰਮ, ਸੌ ਸਾਖੀ ਦੇ ਅਖੇਪ, ਔਰੰਗਜ਼ੇਬ ਦੇ ਜ਼ੁਲਮ, ਬਾਦਸ਼ਾਹ ਮਿਲਾਪ, ਆਦਿਕ ਵਡੇ ਵਡੇ ਲੇਖ ਤੇ ਅਨੇਕ ਹੋਰ ਟੂਕਾਂ ਤੇ ਟੀਕਾ ਟਿਪਣੀਆਂ ਆ ਗਈਆਂ ਹਨ ਜੋ ਕਦੇ ਉਹ ਵਡੇ ਵਡੇ ਲੇਖ

Sri Satguru Jagjit Singh Ji Elibrary NamdhariElibrary@gmail.com

# ਪਹਿਲਾ ਨਿਰਨਾ

ਸਓ । [illegible]

[illegible] ਸ੍ਰੀ ਸੂਰਜ ਪ੍ਰਕਾਸ਼ ਵਿਚੋਂ ਇਹ ਪ੍ਰਸੰਗ (ਸੰਗਤ ਨੂੰ ਉਪਦੇਸ਼) ਜੋ ਗੁਰੂ ਹਰਿਕ੍ਰਿਸ਼ਨ ਜੀ ਨੇ ਸੰਗਤ ਦੀ ਅਰਜ਼ ਕਰਨ ਤੇ ਅੰਤ ਸਮੇਂ ਕੀਤਾ ਸੀ ਪਾਠਕਾਂ ਦੀ ਭੇਟਾ ਇਸ ਮਨੋਰਥ ਨੂੰ ਮੁਖ ਰਖਕੇ ਕਰਦਾ ਹਾਂ, ਕਿ ਭਲੀ ਭਾਂਤ ਪ੍ਰਤੀਤ ਹੋਵੇ, ਕਿ ਗੁਰੂ ਸਿਖੀ ਦਾ ਨਾਤਾ ਦੇਹਧਾਰੀ ਦੇ ਸਬੰਧ ਦਾ ਹੈ। ਗੁਰ ਰਸਨਾ ਅੰਮ੍ਰਿਤ ਬੋਲਦੀ ਹਰਿਨਾਮ ਸੁਹਾਵੀ। ਗੁਰਵਾਕ ਵਾਲਾ ਜਾਂ ਗ੍ਰੰਥ ਗੁਰੂ ਦਾ ਹੈ।

ਨਾਲੇ ਪਾਠਕਾਂ ਨੂੰ ਮਲੂਮ ਹੋਵੇ ਕਿ ਗ੍ਰੰਥ ਗੁਰੂ ਵਾਲਾ ਮਤ (ਸਿੰਘ ਸਭਾ ਲਹਿਰ) ਤੋਂ ਚਾਲੂ ਹੋਇਆ ਮਤ ਹੈ ਜੋ ਅੰਗਰੇਜ਼ਾਂ ਦੀ ਦਲੀਲ ਦੇ ਆਸਰੇ ਜਾਰੀ ਹੋਇਆ ਜਾਂ ਗੁਰੂ ਸਾਹਿਬਾਂ ਦਾ ਜਾਰੀ ਕੀਤਾ ਗੁਰੂ ਨਾਨਕ ਮਤ ਏ ਤੇ ਸਿੰਘ ਸਭਾ ਤੋਂ ਪਹਿਲੇ ਭੀ ਕਿਸੇ ਲਿਖਤ ਜਾਂ ਗੁਰੂ ਜਾਂ ਸੰਗਤ ਨੇ ਇਸ ਨੂੰ ਕਬੂਲਿਆ ਹੈ? ਮੇਰੇ ਇਸ ਨਿਰਨੇ ਤੋਂ ਸਾਬਤ ਹੋਵੇਗਾ ਕਿ ਕਿਸੇ ਨਹੀਂ।

ਭਾਈ ਵੀਰ ਸਿੰਘ ਜੀ ਸੂਰਜ ਪ੍ਰਕਾਸ਼ ਦਾ ਟੀਕਾ ਕਰਦੇ ਹਨ ਤੇ ਆਪਣੇ ਵਿਲੋਂ ਜਿਥੇ ਉਹਨਾਂ ਨੂੰ ਗੁਰੂ ਸਾਹਿਬਾਂ ਦੇ ਮਤ ਤੋਂ ਉਲਟ ਵਾਰਤਾ ਪ੍ਰਤੀਤ ਹੋਈ ਹੈ। ਆਪਣੇ ਵਲੋਂ ਖੂਬ ਦਲੀਲਾਂ ਦੇਂਦੇ ਹਨ ਤੇ ਸਾਬਤ ਕਰਦੇ ਹਨ ਕਿ ਇਹ ਪ੍ਰਸੰਗ ਠੀਕ ਨਹੀਂ ਤੇ ਇਸੇ ਇਹ ਪਾਹ ਲਗੀ ਹੋਈ ਹੈ ਤੇ ਅਸਲ ਇਸ ਤਰਾਂ ਹੈ। ਆਪਣੀ ਰੁਚੀ ਅਨੁਸਾਰ ਪਰਸੰਗ ਦੱਸਨ ਦਾ ਜਤਨ ਕਰਦੇ ਹਨ। ਭਾਵੇਂ ਉਹ ਪਰਸੰਗ ਆਪਣੇ ਥਾਂ ਠੀਕ ਹੀ ਹੋਵੇ। ਪਰ ਭਾਈ ਜੀ ਆਪਣੇ ਸਿੰਘ ਸਭੀ ਮਤ ਨਾਲ ਹੀ ਗੁਰੂ ਮਤ ਨੂੰ ਢਾਲਦੇ ਹਨ ਜੋ ਕਈ ਜਗੀਂ ਅਜੋਗ ਭੀ ਹੈ।

ਮੈਂ ਜਾਦੇ ਉਸ ਰੁਖ ਉਤੇ ਨਹੀਂ ਜਾਂਦਾ, ਪਰ ਇਹ ਜ਼ਰੂਰ ਦੱਸਣਾ ਹਾਂ ਕਿ ਭਾਈ ਵੀਰ ਸਿੰਘ ਜੀ ਨੇ ਜਿਵੇਂ ਦੁਰਗੇਆਣਾ,

[illegible] ਨੂੰ ਸ਼ੈਲੀ ਆਪਣੀ ਹੀ ਕਿਸਮ ਦੀ ਸੰਖੇਪ ਤੇ ਜ਼ੋਰ ਭਰਪੂਰ ਹੈ। ਉਹਨਾਂ ਬਹੁਤ ਜ਼ੋਰ ਆਪਣੀ ਲਿਖਤ ਤੇ ਨਹੀਂ ਦਿਤਾ। ਜਿਨ੍ਹਾਂ ਇਤਿਹਾਸ ਲੇਖਕਾਂ ਦੀਆਂ ਰਚਨਾਵਾਂ ਤੇ ਦਿਤਾ ਹੈ। ਆਸ ਕੀਤੀ ਜਾ ਸਕਦੀ ਹੈ ਕਿ ਪਾਠਕ ਸਜਣ ਸੰਤ ਜੀ ਦੇ ਕੀਤੇ ਹੋਇ ਨਿਰਨਿਆਂ ਨੂੰ ਗਹੁ ਨਾਲ ਵਿਚਾਰਨਗੇ ਅਤੇ ਸਿਖ ਪੰਥ ਦੀਆਂ ਅੰਦਰਲੀਆਂ ਕੁਝ ਕਾਮਨਾਵਾਂ ਨੂੰ ਸਮਝਣ ਦੇ ਖਿਆਲ ਨਾਲ ਪੁਰਾਤਨ ਲਿਖਤਾਂ ਵਲ ਧਿਆਨ ਦੇਣਗੇ। ਅਜ ਕਲ ਦੇ ਸਿਆਣੇ ਜੋ ਸਮਾਜ ਦੇ ਵਡੇ ਸਕਾਲਰ ਮੰਨੇ ਜਾਂਦੇ ਹਨ। ਇਸ ਕੋਸ਼ਿਸ਼ ਵਿਚ ਹਨ ਕਿ ਉਹਨਾਂ ਮਾਨ ਮਰਜਾਦਾਵਾਂ ਦਾ ਕੀਰਤਨ ਸੋਹਿਲਾ ਪੜ੍ਹ ਦਿਤਾ ਜਾਵੇ ਜੋ ਦੇਹਧਾਰੀ ਗੁਰੂ ਦੇ ਹੱਕ ਵਿਚ ਆਵਾਜ਼ ਉਚੀ ਕਰਦੀਆਂ ਹਨ। ਪਰ ਉਹ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਕਿਵੇਂ ਖੰਡਿਤ ਕਰਨਗੇ। ਜੇਹੜੀ ਬਾਰ ਬਾਰ ਦੇਹਧਾਰੀ ਗੁਰਤਾ ਵਿਚ ਵਿਸ਼ਵਾਸ਼ ਨੂੰ ਜਗਾਂਦੀ ਹੈ।

ਪ੍ਰੀਤਮ ਸਿੰਘ ਕਵੀ, ਸੰਪਾਦਿਕ,
ਸਤਿਜੁਗ, ਜੀਵਨ ਨਗਰ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ
ਪੁਸਤਕ ਨੰ.
ਲੜੀ ਨੰ.

# ਭੂਮਿਕਾ

ਸੰਤ ਤਰਨ ਸਿੰਘ ਜੀ ਇਕ ਸਰਦੇ ਪੁਜਦੇ ਘਰ ਦੇ ਮੋਢੀ ਹਨ। ਹਰ ਉਨ੍ਹਦੀ ਇਛਾ ਨੂੰ ਪੂਰਨਾਂ ਉਹਨਾਂ ਦੀ ਸਮਰਥਾ ਦੇ ਅਧੀਨ ਹੈ। ਅਜ ਸੱਠਾਂ ਦੇ ਹੋਕੇ ਉਹ ਆਪਣੇ ਜਤਨਾਂ ਨੂੰ ਕਾਗਜ਼ਾਂ ਦੇ ਸੁਪਰਦ ਕਰਨ ਲਗੇ ਹਨ। ਤਾਕਿ ਕਾਲੀ ਸਿਆਹੀ ਉਹਨਾਂ ਦੀਆਂ ਘੋਖਾਂ ਨੂੰ ਕਾਗਜ਼ੀ ਖੰਭਾਂ ਨਾਲ ਉਡਾ ਕੇ ਦੂਰ ਦੁਰਾਡੇ ਲੈ ਜਾ ਸਕੇ। ਇਹਨਾਂ ਦਾ ਉਪ ਨਾਮ ਵਹਿਮੀ ਹੈ।

ਨਾਮਧਾਰੀ ਸਮਾਜ ਇਸ ਨਾਮ ਤੋਂ ਚਿਰੋਕਣਾ ਵਾਕਫ ਹੈ ਸਤਿਜੁਗ ਅਤੇ ਇਸ ਦੇ ਅੰਕਾਂ ਨੇ ਵਹਿਮੀ, ਸ਼ਬਦ ਨੂੰ ਨਾਮਧਾਰੀਆਂ ਲਈ ਜਾਣਕਾਰੀ ਦਾ ਸੰਕੇਤ ਬਣਾ ਛਡਿਆ ਹੈ। ਇਹ ਉਪ ਨਾਮ ਸੁਭਾਵਕ ਖੋਜੀ ਤਬੀਅਤ ਜਾਣ ਉਹਨਾਂ ਦੀ ਮਾਤਾ ਜੀ ਦੀ ਉਹਨਾਂ ਲਈ ਜੋਗ ਬਖਸ਼ਸ਼ ਸੀ।

ਕੀ, ਕਿਉਂ, ਕਿਥੇ, ਕਿਵੇਂ ਤੇ ਕਦੋਂ, ਇਹ ਪੰਜ ਕਕੇ ਖੋਜੀਆਂ ਦੇ ਸ਼ਿੰਗਾਰ ਹਨ, ਇਹਨਾਂ ਦੀ ਵਰਤੋਂ ਨਾਲ ਖੋਜਕਾਰਾਂ ਦੀ ਤਬੀਅਤ ਹੀ ਕੁਝ ਅਜੇਹੀ ਬਣਦੀ ਚਲੀ ਜਾਂਦੀ ਹੈ। ਜੋ ਉਹਨਾਂ ਦੇ ਖਾਸੇ ਵਿਚ ਸਹਿਜੇ ਸਹਿਜੇ ਹਰ ਗਲ ਲਈ ਘੋਖ ਕਰਨੀ ਕੁਦਰਤੀ ਬਣਾ ਦਿਤੀ ਹੈ। ਇਹ ਸਿਫਤਾਂ ਤਰਨ ਸਿੰਘ ਜੀ ਵਿਚ ਜਮਾਂਦਰੂ ਹਨ। ਪਰ ਇਹਨਾਂ ਨੂੰ ਹੋਰ ਵੀ ਸਾਣੇ ਚਾੜ੍ਹ ਦਿਤਾ। ਸ੍ਰੀ ਮਾਨ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਜੀ ਦੀ ਪ੍ਰੇਰਨਾ ਨੇ। ਉਸ ਪ੍ਰੇਰਨਾ ਬੀਜ ਨਾਲ ਉਗੇ ਬੂਟੇ ਨੂੰ ਸਮਝੋ ਇਹ ਪਹਿਲਾ ਫੁਲ ਲਗਾ ਏ, ਜਿਸ ਦਾ ਨਾਮ ਵਹਿਮੀ ਜੀ ਨੇ ਖੁਦ ਹੀ ਪੰਜ ਨਿਰਨੇ ਰਖਿਆ ਏ। ਨਿਰਨਾ ਸ਼ਬਦ ਆਪਣੇ ਆਪ ਵਿਚ ਉਹ ਸਾਰੇ ਤੱਤ ਲੁਕਾਈ ਬੈਠਾ ਹੈ ਜੋ ਇਸ ਕਿਤਾਬ ਦੇ ਆਸ਼ੇ ਨੂੰ ਅਤੇ ਵਹਿਮੀ ਜੀ ਦੀ ਤਬੀਅਤ ਨੂੰ ਦਰਸਾ ਸਕੇ।

# ਸਮਰਪਨ

ਮੈਂ ਇਹ (ਪੰਜ ਨਿਰਨੇ) ਪੁਸਤਕ, ਆਪਣੇ ਲੇਖ ਲਿਖਣ ਦੇ ਸਿਖਿਆ ਦਾਤੇ, ਸੰਤ ਇੰਦਰ ਸਿੰਘ ਜੀ, ਚਕਰਵਰਤੀ ਜੀ ਦੀ ਭੇਟਾ ਕਰਦਾ ਹਾਂ। ਜਿਨ੍ਹਾਂ ਨੇ ਮੈਨੂੰ ਇਹ ਸੁਮੱਤ ਦਿਤੀ, ਜੇ ਤੂੰ ਲਿਖਾਰੀ ਬਨਣਾ ਹੈ, ਤਾਂ ਹਰ ਹੱਥ ਆਈ ਪੁਸਤਕ ਨੂੰ ਪੂਰੇ ਗਹੁ ਨਾਲ ਪੜ੍ਹਿਆ ਕਰ ਤੇ ਹਰ ਸਭਾ ਸੰਗਤ ਵਿਚ ਜਾ ਬੈਠ ਪੂਰੇ ਗਹੁ ਨਾਲ ਖਿਆਲ ਸੁਣਿਆ ਕਰ।

ਕੀ ਜਾਣੀਏਂ ਕਿ ਆਪਣੇ ਆਦਰਸ਼ ਦੀ ਪੁਸ਼ਟੀ ਦਾ ਮਸਾਲਾ ਕਿਸ ਵੇਲੇ ਤੇ ਕਿਥੋਂ ਪ੍ਰਾਪਤ ਹੋਇ ਜਾਵੇ। ਮੈਨੂੰ ਉਹਨਾਂ ਦੀ ਉਪਰ ਦਿਤੀ-ਸੁਮੱਤ ਦੇ ਆਸਰੇ, ਹਰ ਪੁਸਤਕ ਤੇ ਹਰ ਮਿਲਨੀ ਤੇ ਮੇਲੀ ਦੀ ਸੰਗਤ ਚੋਂ ਕਝ ਨਾ ਕੁਝ ਜ਼ਰੂਰ ਆਪਣੇ ਆਦਰਸ਼ ਦੀ ਉਸਾਰੀ ਲਈ ਪ੍ਰਾਪਤ ਹੋਇਆ ਹੈ।

ਤਰਨ ਸਿੰਘ (ਪਹਿਲਾ) ਹਿੰਦੂ ਵੱਕ (ਜ਼ਿਲਾ ਗੁਜਰਾਂ ਵਾਲਾ)
(ਹੁਣ) ਸੰਤ ਨਗਰ ਜ਼ਿਲਾ ਹਿਸਾਰ

੨੫੮

Sri Satguru Jagjit Singh Ji Elibrary NamdhariElibrary@gmail.com

੧ ੳ ਸਤਿਗੁਰ ਪ੍ਰਸਾਦਿ ॥

( ਦੋਹਿਰਾ )

ਕੰਚਨ ਹੂੰ ਸੇ ਸਾਰ ਲੈ ਪਰ ਸਤਿਗੁਰ ਕੇ ਪਾਇ ।
ਵਿਘਨੋਂ ਕੇ ਨਿਰਨੇ ਕਰੂੰ ਸਤਿਗੁਰ ਕਰੀ ਸਹਾਇ ।

( ਕਬਿਤ )

ਪੋਥੀ ਏਸ ਵਿਚ ਖੋਲੀ ਸੱਜਨਾਂ ਦੇ ਲਾਭ ਹਿਤ,
ਚਿਤ ਲਾਕੇ ਲਿਖੇ ਤਰਨ ਸਿੰਘ ਪੰਜ ਨਿਰਨੇ ।
ਗੁਰ ਇਤਿਹਾਸਾਂ ਵਿਚ ਖਾਸ ਖੋਟੀ ਰਾਸ ਜੋੜੀ,
ਜੋੜੀ ਜਗਾ ਦਸਾਂ ਲਿਖ ਧਰੀ ਜਿਸ ਧਿਰ ਨੇ ।
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪ,
ਕਢੇ ਜੋ ਭੁਲੇਖੇ ਪਾਪ ਨਾਹੀਂ ਵੇਖੇ ਫਿਰ ਨੇ ।
ਸਰਧਾ ਸਵਾਰੇ ਕੌਮ ਮਰਦਾਂ ਉਸਾਰੇ ਥੰਮ੍ਹ,
ਕਮ ਨਿਹਚੇ ਹਿੰਮਤਾਂ ਦੇ ਢਹਿੰਦੇ ਗਿਰ ਗਿਰ ਨੇ ।

---o---

Sri Satguru Jagjit Singh Ji Elibrary NamdhariElibrary@gmail com

ਜੋ ਗੁਰ ਗਰੰਥ ਆਪਨੋ ਭਨਿਯੋ।
ਸੋ ਸਗਰੇ ਸਿਖਨਹੁ ਸੁਨਿਊ।
ਲਿਖ ਲੀਹੇ ਅਬ ਸੋਢੀ ਸਾਰੇ।
ਬੈਠੇ ਹੋਏ ਮਾਨੀ ਗੁਰ ਭਾਰੇ।

ਯਾਂ ਤੇ ਸੰਗਤ ਕਿਸ ਲੜ ਲਾਵਹੁ।
ਗੁਰਤਾ ਉਚਿਤ ਜਾਹਿ ਲਖ ਪਾਵਹੁ।
ਪੁਰ ਕੀ ਸੰਗਤ ਮਿਲ ਸਮੁਦਾਈ।
ਇਮ ਅਰਦਾਸ ਕਰਤ ਅਗਵਾਈ।

ਸੁਨ ਕਰ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤਿਸ ਕਾਲਾ।
ਗੁਰੂ ਹੋਇ ਸੋ ਛਪੇ ਨ ਕੈਸੇ।
ਬਿਦਤਹਿ ਗਗਨ ਚੜੈ ਰਵਿ ਜੈਸੇ।

ਤਉ ਤੀਤ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਹਿ ਇਸ ਬੇਰੀ।
ਇਸੇ ਬਿਚਾਰ ਕਰ ਨਿਰਨੇ ਲਹਿਯੋ।
ਬੋਲਹਿ ਜਥਾਜੋਗ ਮਤੁ ਕਹਿਯੋ।

ਪੈਸੇ ਪਾਂਚ ਨਲੇਰ ਮੰਗਾਵਹੁ।
ਸਭ ਸੰਗਤ ਕੋ ਨਿਕਟ ਬਿਠਾਵਹੁ।
ਭਾਰੀ ਗੁਰ ਬਿਦ ਤਹਿ ਜਗ ਮਾਹੀ।
ਜਿਸ ਤੇ ਦੰਭੀ ਗੁਰ ਚੁਰ ਜਾਹੀ।

ਸਿਖ ਹਜਾਰੋਂ ਲਾਖੋਂ ਕੋਟ।

ਉਧਰੇ ਗੇ ਜਿਸ ਕੀ ਲੈਂ ਉਟ।
ਧਰੈ ਧਰਾ ਸਮ ਧੀਰਜ ਭਾਰੀ।
ਸਸਿ ਸੂਰਜ ਸਮ ਪਰ ਉਪਕਾਰੀ।

ਸਿਖੀ ਐਸੀ ਵਿਚ ਜਗ ਕਰੈ।
ਜਿ ਬੇਮੁਖ ਸਭ ਪੈਰੀ ਪਰੈ।
ਮਹਾ ਪ੍ਰਤਾਪ ਸਭਨਿ ਪਰ ਛਾਵੈ।
ਕੁਛੁ ਤੇ ਕੁਛ ਕਰ ਕੈ ਦਿਖਰਾਵੈ।

ਪੋਥੀ ੋਸ ਵਿ

ਗੁਰ ਇਤਿਹਾਸਾਂ

ਜੋੜੂ

ਸ੍ਰੀ ਸਤਿਗੁਰੂ ਪਰ

ਸਰਧ

ਸੁਨ ਸ੍ਰੀ ਮੁਖ ਤੇ ਬਚਨ ਸੁਹਾਏ।
ਸੁਨਤ ਜਿ ਸਗਰੇ ਸੀਸ ਨਿਵਾਏ।
ਧਾਏ ਗਏ ਮਾਨਿਉ ਤਤਕਾਲਾ।
ਪੌਸੇ ਪੰਚ ਨਰੇਲ ਬਿਸਾਲਾ।

ਕੰਚਨ ਥਾਰ ਬਿਖੈ ਧਰ ਦੀਨਾ।
ਚੰਦਨ ਪੁਸ਼ਪ ਧੂਪ ਸੁਭ ਕੀਨਾ।
ਸੰਗਤ ਸਾਰੀ ਨਿਕਟ ਬੁਲਾਈ।
ਜਿਸ ਮਹਿ ਸਿਆਨੇ ਸਿਖ ਸਮੁਦਾਈ।

ਹਾਥਨ ਜੋਰ ਨਾਥ ਗੁਰ ਆਗੈ।
ਨਮੋ ਕਰਹਿ ਕੋ ਚਰਨੀ ਲਾਗੈ।
ਘ੍ਰਿਤ ਕੀ ਜਰੈ ਮਸਾਲ ਅਗਾਰੀ।
ਅਗਰ ਸੁਗੰਧਨਿ ਬਹੁ ਮਹਕਾਰੀ।

ਸਭਾ ਲਗਾਇ ਜਥੋਚਿਤ ਸਾਰੇ।
ਬੈਠੇ ਚਹੁੰ ਦਿਸ ਗੁਰ ਪਰਵਾਰੇ।

Sri Satguru Jagjit Singh Ji Elibrary NamdhariElibrary@gmail.com

ਧਰੇ ਮੋਨ ਸਭ ਹੈਰਨ ਕਰੈ।
ਸਨੈ ਸਨੈ ਗੁਰ ਸਿਮਰਨ ਧਰੈ।

ਸ੍ਰੀ ਹਰਿ ਕ੍ਰਿਸ਼ਨ ਦਰਸ ਕੋਹੁ ਦਾਨ।
ਦੀਨਹੁ ਕੀਨ੍ਹ ਜਿਜਨ ਕਲਿਆਨ।
ਤਜਿਯੋ ਪ੍ਰਯੰਕ ਤਰੇ ਗੁਰ ਭਏ।
ਕੁਸ਼ ਕੇ ਆਸਤ੍ਰਨ ਥਿਰ ਥਏ।

ਕੰਚਨ ਥਾਰ ਤ੍ਰਿਕਟ ਕਰਵਾਯੋ।
ਦੇ ਦਾਹਨੋ ਹਾਥ ਉਠਾਯੋ।
ਮ੍ਰਿਦੁਲ ਮਨਿੰਦ ਕਮਲਕ ਜੋਇ।
ਪੂਰੇਨ ਕਰਿਯੋ ਪਿਖਹਿ ਗਨ ਸੋਇ।

ਐਸੇ ਪੰਚ ਉਠਾਵਨ ਕਰੇ।
ਸ੍ਰੀ ਫਲਸਾਥ ਹਾਥ ਮੈਂ ਧਰੇ।
ਕੀਨ ਮੰਡਲਾ ਕ੍ਰਿਤ ਤੇ ਬਾਰੀ।
ਧਰਿਉ ਸੁਧਿਆਨ ਪਰਕਰਮਾਂ ਧਾਰੀ।

ਲੇਪਨ ਕਰੀ ਭੂਮ ਜਹਿ ਪਾਵਨ।
ਨਿਜ ਕਰ ਤੇ ਤਹਿ ਕਰੇ ਟਿਕਾਵਨ।
ਹਾਥ ਜੋਰ ਪੁਨ ਬੰਦਕ ਠਾਨੀ।
ਨੇਤ੍ਰ ਉਘਾਰ ਕਹੀ ਮੁਖਬਾਨੀ।

ਬਾਬਾ ਬਸੇ ਜਿ ਗ੍ਰਾਮ ਬਕਾਲੇ।
ਬਨ ਗੁਰੂ ਸੰਗਤ ਸਕਲ ਸਮਾਲੇ।
ਇਮ ਸੁਨਾਏ ਸਭਿਹਨ ਸੋ ਕਹਿਯੋ।

Sri Satguru Jagjit Singh Ji Elibrary NamdhariElibrary@gmail.com

ਸਿਖ ਉਰ ਨਿਸਚੈ ਤਬ ਲਹਿਯੋ ।

ਨਹੀ ਨਾਮ ਲੀਨਸਿ ਤਿਸ ਬੇਰਾ ।
ਤਊ ਲਖਯੋ ਸਭ ਗੁਰੂ ਬਡੇਰਾ ।
ਬਿਦਤਹਿ ਆਪ ਛਪਿਯੋ ਨਹੀ ਰਹੇ ।
ਇਸੇ ਬਿਚਾਰ ਕਰ ਕੋਇ ਨ ਕਹੇ ।

ਸਭ ਕੀ ਇਛਾ ਪੂਰਨ ਕਰੀ ।
ਗ੍ਰੀਵ ਨਿਵਾਏ ਨਿੰਮਰਤਾ ਧਰੀ ।
ਨਮੋਂ ਕਰਹਿ ਸਭ ਆਦਿ ਮਸੰਦ ।
ਧਰੈ ਸ਼ੋਕ ਉਰ ਅਧਿਕ ਅਨੰਦ ।

ਕਰਿਯੋ ਹੁਕਮ ਸਤਿਗੁਰ ਢਿਗ ਦਾਸ ।
ਅਬ ਸੰਗਤ ਕੀ ਪੂਰਨ ਆਸ ।
ਕਹੁ ਸਭਨਿ ਸੋਂ ਪੌਰ ਅਗਾਰੀ ।
ਥਿਰਹੁ ਕਰਹੁ ਸਤਿਨਾਮ ਉਚਾਰੀ ।

ਪਠਹਿ ਸੁਨਹਿ ਇਕ ਚਿਤ ਗੁਰਬਾਨੀ ।
ਜਾਗੁਰਨ ਕਰਹਿ ਹੋਇ ਸਾਵਧਾਨੀ ।
ਲੇਹੁ ਬੁਲਾਏ ਰਾਬਾਬੀ ਜੋਇ ।
ਕਰੈ ਸੁਪ੍ਰੇਮ ਕੀਰਤਨ ਸੋਇ ।

ਬਿਨਾ ਭਜਨ ਕਰਿਬੋ ਸਤਿਨਾਮ ।
ਨਹੀਂ ਕੋ ਬੋਲਹਿ ਥਿਰਹਿ ਜੁ ਧਾਮ ।
ਅਬ ਹਮ ਕਰੈ ਪ੍ਰਲੋਕ ਪਿਆਨਾ ।
ਬਨੈ ਇਕਾਂਤੀ ਨਿਜ ਅਸਥਾਨਾ ।

Sri Satguru Jagjit Singh Ji Elibrary NamdhariElibrary@gmail.com

ਸੁਨ ਗੁਰ ਹੁਕਮ ਸਭਾ ਸਭ ਜੋਈ।
ਉਠ ਉਠ ਹਾਥ ਜੋਰ ਕਰ ਕੋਈ।
ਨਮੋ ਕਰਹਿ ਦਰਸਨ ਕੋ ਦੇਖ।
ਜਿਨ ਕੇ ਮਸਤਕ ਭਾਗ ਵਿਸ਼ੇਖ।

ਅਪਰ ਕਾਮਨਾਂ ਜੋ ਜੋ ਧਰੀ।
ਪੂਰਨ ਕਨਿ ਗੁਰੂ ਤਿਸ ਘਰੀ।
ਅਧਿਕ ਪ੍ਰੇਮ ਜੁਤ ਵਿਛੁਰੇ ਗੁਰਤੇ।
ਸ਼ੋਕ ਬਿਸਾਲ ਦੀਨ ਬਡ ਉਰ ਤੇ।

ਸਿਖ ਸਮੁਦਾਏ ਪੈਰ ਪਰ ਫਿਰੇ।
ਸਤਿਨਾਮ ਕੋ ਸਿਮਰਨ ਕਰੈ।
ਲਗੇ ਰਬਾਬੀ ਕੀਰਤਨ ਕਰਬੇ।
ਜਿਹ ਸੁਨਬੇ ਸਭ ਕਲਮਲ ਹਰਬੇ।

( ਪੰਨਾਂ ੩੯੬੧ )

ਇਤਿ ਸ੍ਰੀ ਗੁਰ ਪਰਤਾਪ ਸੂਰਜ ਗਰੰਥੇ ਦਸਮਰਾਸੇ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਗੁਰਤਾ ਅਰਪਨ, ਪਰਸੰਗ ਬਰਨਨ ਨਾਮ ਦੋਏ ਪੰਚਾਸਤੀ ਅਸੂ (੫੨)।

ਇਸ ਪਹਿਲੇ ਨਿਰਨੇ ਵਿਚ ਜੋ ਕੁਝ ਪਾਠਕ ਮੇਰੇ ਵਲੋਂ ਤੇ ਭਾਈ ਸੰਤੋਖ ਸਿੰਘ ਜੀ ਵਲੋਂ ਸੂਰਜ ਪਰਕਾਸ਼ ਵਿਚ ਲਿਖਿਆ ਪੜ੍ਹ ਚੁਕੇ ਹਨ। ਜੇ ਕੋਈ ਕਮੀ ਜਾਂ ਜ਼ਰੂਰਤ ਲੋੜ ਪਾਠਕਾਂ ਦੀ ਮੰਗ, ਰੁਚੀ, ਪ੍ਰੇਰਨਾ ਅਨੁਸਾਰ ਭਾਸੀ ਤਾਂ ਮੈਂ ਦੂਜੀ ਵੇਰ ਦੱਸਨ ਦਾ ਜਤਨ ਕਰਾਂਗਾ ਕਿ ਵਿਕਰੀ ਦੇ ਦੁਖੋਂ ਪਿਛੇ ਬੀਤੇ ਸਾਲਾਂ ਵਿਚ ਦਮਦਮੇ ਵਾਲੀ ਤੇ ਕਰਤਾਰ ਪੁਰ ਵਾਲੀ ਗਰੰਥ ਸਾਹਿਬ ਜੀ ਦੀ ਬੀੜ ਦੇ ਪ੍ਰਵਾਨ

ਹੋਣ ਬਾਬਤ ਜੋ ਚੀਫ ਖਾਲਸਾ ਦੀਵਾਨ ਤੇ ਸ਼ਰੋਮਣੀ ਕਮੇਟੀ ਤੇ ਅਕਾਲ ਤਖਤ ਆਦਿ ਦੇ ਮੁਖੀਆਂ ਨੇ ਸਤਿਗੁਰੂ ਪਰਤਾਪ ਸਿ ਜੀ ਦੇ ਸੌਂਹੇਂ ਸ੍ਰੀ ਅੰਮ੍ਰਿਤਸਰ ਜੋ ਗਰੰਥ ਸਾਹਿਬ ਦੀ ਗੁਰਤਾ ਮੰਨਣ ਵਾਲਿਆਂ ਸਿਧ ਕੀਤਾ ਸੀ ਕਿ ਨਾ ਉਹ ਬੀੜ ਮਿਲ ਸਕੀ ਤੇ ਨ ਏਹਨਾਂ ਬੀੜਾਂ ਚੋਂ ਕੋਈ ਸੁਧ ਤੇ ਪਰਵਾਨ ਹੈ।

ਸਤਿਗੁਰੂ ਜੀ ਕਿਹਾ ਸੀ ਤੁਸੀਂ ਆਪਣੀ ਫੱਕੜੀ ਆਪ ਸਿ ਉਡਾਵੋ। ਸਾਡੇ ਪਾਸ ਤਾਂ ਉਹ ਗਰੰਥ ਸਾਹਿਬ ਜੀ ਹਨ। ਜਿਸ ਹੋਏ ਸਤਿਗੁਰੂ ਰਾਮ ਸਿੰਘ ਜੀ ਪਾਠ ਕਰਦੇ ਰਹੇ ਹਨ ਤੇ ਪੂਰੇ ਪਾਠ ਸੁਲ ਅਸੁਧ ਦੇ ਨਿਰਨੇ ਲਗੇ ਹੋਏ ਹਨ ਤੇ ਜੋ ਪਾਠ ਤੇ ਪੰਗਤੀਆਂ ਵੈਰੀ ਗੋਚਰ ਹਨ, ਉਹ ਸਨਾਂ ਬਸੀਨਾਂ ਸਮਝ ਸਮਝਾ ਭੀ ਦਿਤੀਆਂ ਹੋਈਆਂ ਹਨ। ਪਾਠਕ ਜਨ ਆਪ ਗਰੰਥ ਸਾਹਿਬ ਖਰੀਦਨ ਤੇ ਪੜ੍ਹਨ ਸਮੇਂ ਵੇਖਦੇ ਹਨ, ਸੁਧ ਅਸੁਧ ਤੇ ਜੋ ਚਰਚਾ ਹੁੰਦੀ ਹੈ। ਉਹ ਸਿੱਖ ਨੂੰ ਗੁਰੂ ਤੇ ਹੋਣੀ ਕੇਹੀ ਹਾਸੋਹਾਣੀ ਏਂ ਕਿ ਕਹਿਣਾ ਗੁਰੂ ਤੇ ਅਸੁਧ ਭੀ ਕਹਿਣਾ ਤੇ ਕੀਮਤ ਵਿਚ ਵਾਧ ਘਾਟ ਕਰਨੀ, ਇਹ ਗੱਲਾਂ ਮਰਯਾਦਾ ਅਜੋਗ ਹਨ।

ਜਿਵੇਂ ਬੁਤ ਪੂਜਕ ਬੁਤ ਤੇ ਚੂਹੇ ਮੁਖੀ ਭੌਂਦੇ ਵੇਖ ਉਸ ਵਲੋਂ ਸਰਧਾ ਹੀਨ ਹੋ ਜਾਂਦਾ ਹੈ, ਤਿਵੇਂ ਗਰੰਥ ਸਾਹਿਬ ਨੂੰ ਗੁਰੂ ਕਹਿ ਦੇ ਇਹੋ ਜੇਹੀਆਂ ਗੱਲਾਂ ਜੋ ਉਤੇ ਦਸੀਆ ਹਨ, ਵੇਖਕੇ ਸਰਧਾਲੂ ਦੇ ਦਿਲ ਚਿ ਭੀ ਅਵੱਸ਼ ਅਸਰਧਾ ਉਪਜਦੀ ਹੈ। ਤਾਂ ਤੇ ਸਿਧ ਹੋਇਆ ਗਰੰਥ ਸਾਹਿਬ ਜੀ ਗੁਰਬਾਣੀ ਹਨ। ਗੁਰ ਪਦ ਦੇਹਧਾਰੀ ਗੁਰੂ ਜੋਗ ਹੀ ਪੁਰਾਤਨ ਪਰਨਾਲੀ ਅਨੁਸਾਰ ਪਰਵਾਨ ਹੈ। ਜਿਵੇਂ ਗੁਰੂ ਹਰਿਕ੍ਰਿਸ਼ਨ ਜੀ ਦੇ ਅੰਤ ਸਮੇਂ ਸੰਗਤ ਨੇ ਦੁਬਾਰਾ ਅਰਜ਼ ਕਰਕੇ ਪਰਵਾਨਿਆ ਸੀ। ਮਨ ਉਸ ਪਰਵਾਨਗੀ ਲਈ ਮੰਗ ਕਰਦਾ ਹੈ ਤੇ ਸੰਗਤਾਂ ਨੂੰ ਉਪਦੇਸ਼ ਵਾਲਾ ਪਰਸੰਗ ਪੂਰਨ ਰੂਪ ਚਿ ਸਭ ਸੰਗਤਾਂ ਨੂੰ ਸਦਾ ਪ੍ਰਵਾਨ ਹੈ ਤੇ ਰਹੇਗਾ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.

ਬ
ਤੇ
ਭ
ਲ

੧ੴ ਸਤਿਗੁਰ ਪ੍ਰਸਾਦਿ ॥

# ਨਿਰਨਾ ਦੂਜਾ

ਦਸਮੇਸ ਜੀ ਦੇ ਖਾਲਸਾ ਸਾਜਨ ਦੇ ਸਮੇਂ ਦੇ ਭੁਲੇਖਿਆਂ ਤੇ ਦਾ ਹਾਂ।

ਸਾਡੇ ਇਤਿਹਾਸਕਾਰਾਂ ਨੇ ਕੇਸ ਗੜ੍ਹ ਵਿਖੇ ਏਸ ਸਮੇਂ ਪ੍ਰਜਾਂ ...ਰਿਆਂ ਦੇ ਸਿਰ ਸਪਸ਼ਟ ਕਲਮ ਕਰਨ ਦੇ ਥਾਂ ਬਕਰੇ ਝਟਕਾਏ ਹਨ। ਕੈਡੀ ਹਾਸੋਹੀਣੀ ਗਲਏ ਕਿ ਗੁਰੂ ਗੋਬਿੰਦ ਸਿੰਘ ਜੀ ...ਤ ਭਰੇ ਦੀਵਾਨ ਵਿਚ ਉਚੀ ਪੁਕਾਰ ਕੇ ਮੰਗ ਤਾਂ ਕਰਦੇ ਹਨ ਸਿਖਾਂ ...ਸ ਦੀ, ਤੇ ਅੰਦਰ ਲੈ ਜਾ ਕੇ ਝਟਕਾਂਦੇ ਹਨ ਬਕਰੇ। ਇਸ ਤੋਂ ਪਤਾ ਲਗਦਾ ਹੈ, ਕਿ ਸਾਹਿਬ ਦਸ਼ਮੇਸ਼ ਸਤਿਗੁਰੂ ਸੰਪੂਰਨ ...ਪੰਚ ਤੇ ਕਪਟ ਕਰਦੇ ਹਨ। ਜੋ ਅੰਦਰੋਂ ਕੁਝ ਹੋਰ ਤੇ ਬਾਹਰੋਂ ...ਤ ਹੈ। ਮੇਰਾ ਦਾਵਾ ਹੈ ਕਿ ਇਹ ਗਲ ਬਿਲਕੁਲ ਗਲਤ ਹੈ। ...ਤਿਗੁਰੂ ਜੀ ਜੋ ਮੂੰਹ ਮੰਗਦੇ ਸਨ ਉਹ ਹੀ ਕਰਦੇ ਸਨ ਉਹ ਅੰਦਰੋਂ ...ਰ ਤੇ ਬਾਹਰੋਂ ਹੋਰ ਹੋਣ ਵਾਲਿਆਂ ਵਿਚੋਂ ਨਹੀਂ ਸਨ।

ਹਾਂ ਜੇ ਬਕਰੇ ਝਟਕਾਣੇ ਸਚ ਮੰਨ ਲੈਜਾਣ ਤਾਂ ਖਾਲਸੇ ਦਾ ...ਮ ਤਲਵਾਰ ਦੀ ਧਾਰ ਚੋਂ ਤੇ ਮੁਢ ਹੀ ਗੁਰ ਬਾਨੀ ਤੇ ਸਚ ਤੋਂ ...ਡਾ ਕਹਿਣਾ ਝੂਠ ਹੋ ਜਾਵੇਗਾ ਤੇ ਨਾਲੇ ਸਿਰ ਕਟਕੇ ਪਿਊਂਦ ਲਾ ... ਗੁਰੂ ਜੀਨੇ ਬਕਤ ਸੋਝ ਸਵਾਦ ਪਿਉਂਦੀ ਬੇਰ ਤਰਾਂ ਸਿਖਾਂ ਨੂੰ ਦਿਤੇ ... ਨਹੀਂ ਮੰਨੇ ਜਾ ਸਕਦੇ। ਸਗੋਂ ਬਕਰੀਦ ਦੀ ਤਰਾਂ ਬਣਤ ਬਣ ...ਦੀ ਹੈ। ਕਿ ਕੁਸਣਾਂ ਤੇ ਬਕਰੇ ਤੇ ਕਹਿਣਾ ਕੁਰਬਾਨੀ ਦਿਤੀ ਏ ਮੈਂ ...ਹਣ ਕੁਹਾਣ ਵਾਲੇ ਨੇ। ਸੋ ਨ ਐਸਾ ਹੋਇਆ ਹੀ ਹੈ ਤੇ ਨ ਕਿਹਾ ਤੇ ... ਜਾ ਸਕਦਾ ਹੈ।

ਹੁਣ ਮੈਂ ਆਪਣੇ ਪਾਠਕਾਂ ਨੂੰ ਅਸਲੀਅਤ ਦਸਦਾ ਹਾਂ ਕਿ
ਇਸ ਤਰਾਂ ਮੈਨੂੰ ਪਰਾਪਤ ਹੋਈ ਹੈ। ਸ੍ਰੀ ਸਤਿਗੁਰੂ ਪਰਤਾਪ
ਜੀ ੨੦੧੨ ਸੰਮਤ ਗਰਮੀਆਂ ਚਿ ਮੈਨੂੰ ਮੰਡੀਉਂ ਅਨੰਦਪੁਰ,
ਸਾਹਿਬ ਇਹ ਆਖ ਕੇ ਭੇਜਿਆ ਕਿ ਮੈਂ ਸੁਣਿਆ ਹੈ ਕਿ
ਗੁਰਦੁਆਰੇ ਦੇ ਦਰਬਾਨ ਸਿੰਘ ਦੇ ਘਰ ਉਹ ਡਾਇਰੀ ਪਈ
ਜੋ ਇਕ ਖੁਫੀਆ ਭੇਤ ਲੈਣ ਲਈ ਭੇਜੇ ਔਰੰਗਜ਼ੇਬ ਦੇ ਹ
ਦੀ ਅਨੰਦਪੁਰੋਂ ਉਸਨੂੰ ਭੇਜੀ ਹੋਈ ਸੀ, ਉਹ ਕਿਸੇ ਤਰਾਂ ਕਿ
ਦੇ ਹਥ ਆਈ ਤੇ ਉਸ ਨੇ ਅਨੰਦਪੁਰ ਦੇ ਨੇੜੇ ਦੇ ਪਿੰਡ ਵਾਸੀ ਕੇ
ਦੇ ਦਰਬਾਨ ਸਿੰਘ ਨੂੰ ਦੇ ਦਿਤੀ। ਦਰਬਾਨੀ ਕਰਦੇ ਸਿਖ ਦੇ
ਵਿਚ ਉਹ ਹੁਣ ਤਕ ਚਲੀ ਆਈ ਹੈ। ਜਿਸ ਸਿੰਘ ਦਾ ਸ
ਲਗਾ ਹੈ ਉਹ ਹੁਣੇ ਹੁਣੇ ਦਰਬਾਨੀ ਤੋਂ ਹਟਿਆ ਹੈ ਤੇ ਸਿੱਖ
ਪਿੰਡ ਦਾ ਹੀ ਹੈ। ਮੈਨੂੰ ਤੇ ਅਗੇ ਹੀ ਗੁਰੂ ਜੀ ਦੇ ਉਸ ਅ
ਅਸਚਰਜ ਚੋਜ ਤੇ ਇਹ ਪ੍ਰਤੀਤ ਸੀ, ਜਿਵੇਂ ਉਹ ਡਾਇਰੀ
ਸਿੰਘ ਦਸਦਾ ਹੈ ਕਿ ਦਸਮ ਜੀ ਸਾਰੇ ਮੈਦਾਨ ਸਿਖਾਂ ਦੇ ਸਿਰ
ਸੀ ਤੇ ਜੋ ਸਿਰ ਜਿਸ ਸਿਰ ਨਾਲ ਚਾਹਿਆ ਜੋੜ ਦਿਤਾ ਸੀ
ਮੈਨੂੰ ਇਹ ਪਰਤੀਤ ਨ ਹੁੰਦੀ ਕਿ ਗੁਰੂ ਜੀ ਸਿਖਾਂ ਦੇ ਸੀਸ
ਲਥੇ ਤੇ ਨ ਪਿਉਂਦ ਕਰਨ ਵਾਂਗ ਇਕ ਦਾ ਸਿਰ ਦੂਜੇ ਸਿਖ ਦੇ ਧ
ਨਾਲ ਜੋੜਿਆ ਸੀ ਤਾਂ ਮੈਂ ਕਦੇ ਕਿਸੇ ਥਾਂ ਭੀ ਨ ਕਹਿੰਦਾ ਕਿ
ਜੀ ਸੀਸ ਭੇਟ ਲਏ ਸਨ। ਬਕਰਿਆਂ ਵਾਲਾ ਪਰਪੰਚ ਲਿਖਾਰੀਆਂ
ਭੁਲ ਹੈ ਜਾਂ ਬਿਸਵਾਸ ਦੀ ਘਾਟ ਤੋਂ ਉਪਜਿਆ ਹੈ। ਪਰ ਜੇ ਗੁਰੂ
ਡਾਇਰੀ ਮਿਲ ਜਾਵੇ ਤਾਂ ਤਰਕ ਕਰਨ ਵਾਲਿਆਂ ਨੂੰ ਭੀ ਉਹ ਮ
ਲਿਖਤ ਵੇਖ ਉਜਰ ਦੀ ਵਿਥ ਨਾ ਰਹੇ।

ਸਤਿਗੁਰੂ ਜੀ ਨੇ ਕਿਹਾ ਮੇਰੇ ਤੇ ਨਿਸਚਾ ਰਖਣ ਵਾਲੇ ਨੂੰ
ਮੇਰੇ ਕਹੇ ਤੇ ਕਦੇ ਕੋਈ ਸੰਸਾ ਹੀ ਨਹੀਂ ਕਰਦੇ ਤੇ ਜੋ ਮੇਰੇ ਮਨ ਵਿਚ
ਹੋਵੇ ਮੂੰਹੋਂ ਵਲ ਪਾਕੇ ਕਦੇ ਨਹੀਂ ਕਢਦਾ। ਪਿਉਂਦ ਲਾਈ ਬਿਨ

Sri Satguru Jagjit Singh Ji Elibrary NamdhariElibrary@gmail.com

ਬੇਰ, ਸੰਗਤਰੇ, ਮਾਲਟੇ ਆਦਿ ਦੇ ਸਵਾਦ ਸੋਝ ਬਕਤ ਨਹੀਂ ਬਦਲਦੇ ਤੇ ਵਧਦੇ ਤੇ ਨ ਵਧੇਰੀ ਕੀਮਤ ਤੇ ਕਮਾਲ ਦੇ ਹੋ ਸਕਦੇ ਹਨ ਭਾਵੇਂ ਮਾਸ ਖਾਣ ਵਾਲਿਆਂ ਦਾ ਮਤਲਬ ਬਕਰੇ ਝਟਕਾਣ ਤੋਂ ਸਿਧ ਨਹੀਂ ਹੁੰਦਾ, ਪਰ ਗੁਰੂ ਜੀ ਤੇ ਕਪਟ ਦੰਭ ਦਾ ਧੱਬਾ ਵਿਰੋਧੀ ਲਾ ਸਕਦੇ ਹਨ ।

ਪਰ ਸਚ ਨੂੰ ਆਂਚ ਨਹੀਂ, ਗੁਰੂ ਜੀ ਉਹਨਾਂ ਸਿਖਾਂ ਦੇ ਸਿਰ ਝਟਕਾ ਕੇ ਇਕ ਦੂਜੇ ਤੇ ਲਾਕੇ ਮੁਕਾਸਾਂਝੀ ਰੱਤ ਜਾਨ ਕਰ ਅੰਮ੍ਰਿਤਿ ਸ਼ਕਤ ਨਾਲ ਸੁਰਜੀਤ ਕੀਤਾ ਸੀ ਤੇ ਪੂਰੀ ਸਾਂਝ ਪਥ ਚਿ ਪੈਦਾ ਕੀਤੀ ਸੀ। ਜਿਸ ਦਾ ਸਦਕਾ ਸਿਖ ਰਾਜ ਦੀ ਪਰਾਪਤੀ ਹੋਈ ਸੀ ਤੇ ਜਦ ਤੋਂ ਉਹ ਸਾਂਝ ਸਿੰਘ ਪੰਥ ਚੋਂ ਘਟੀ ਤੇ ਫੁਟ ਵੜੀ ਹੈ ਉਹ ਸੋਝ ਸੁਆਦ, ਸ਼ਕਤ ਗੁਣ ਜਾਂਦੇ ਰਹੇ ਹਨ ।

ਸਤਿਗੁਰੂ ਜੀ ਕਿਹਾ ਮੈਨੂੰ ਗਰੰਥ ਸਾਹਿਬ ਚਿ ਆਏ ਵਾਕਾਂ ਤੇ ਪ੍ਰਤੀਤ ਹੈ। ਸੁਨ ਸੰਤਨ ਕੀ ਸਾਰੀ ਸਾਖੀ ਤੇ ਬੋਲੀਏ ਸਚ ਧਰਮ ਝਠ ਨ ਬੋਲੀਏ ਤੇ ਜਿਨਿ ਮਨ ਹੋਰ ਮੁਖ ਹੋਰ ਸੁ ਕਾਢਹਿ ਕਚਿਆ ਗੁਰੂ ਗੋਬਿੰਦ ਸਿੰਘ ਜੀ ਪੂਰਨ ਆਪਣੀ ਆਦ ਬੀੜ ਚਿ ਆਈ ਬਾਣੀ ਦੇ ਧਾਰਨੀ ਤੇ ਦਸ ਗ੍ਰੰਥ ਚਿ ਜੋ ਵਾਕ ਆਪਨੇ। ਕਾਹੇ ਕੋ ਦੰਭ ਕਰੇ ਮਨ ਮੂਰਖ ਦੰਭ ਕੀਏ ਆਪਨੀ ਪਤ ਜੈ ਹੈ।

ਕਾਹੇ ਕੋ ਲੋਗ ਠਗੀ ਠਗ ਲੋਗਨ ਲੋਕ ਗਇਓ ਪਰਲੋਕ ਗਵੈ ਹੈ ਦੇ ਵਰਤਨ ਵਾਲੇ ਹੀ ਨਿਰੇ ਨਹੀਂ ਸਨ। ਸਗੋਂ ਗੁਰੂ ਜੀ ਤਾਂ ਆਪ ਸੱਤਿ ਕੀਆ ਸਭ ਸਤ ਵਾਰ, ਪੂਰੇ ਕਾ ਕੀਆ ਸਭ ਕਿਛ ਹੈ ਪੂਰਾ ਘਟ ਵਧ ਕਿਛ ਨਾਹਿਨ ਦਾ ਸਹੀ ਸਰੂਪ ਸਨ। ਤੇ ਕਿ, ਉਹ ਕਦੀ ਵਲ ਫੇਰ ਪਰਦਾ ਪਰ ਪੈਰ ਨਹੀਂ ਸੀ ਸਿਖੀ ਅਜਨ ਸਮੇਂ ਕਰਦੇ ਜੋ ਕੁਝ ਕਸਰ ਗੁਰੂ ਪਰਖ ਚੋਂ ਰਵੇ ਤਾਂ ਸਿਖ ਦੀ ਪਰਤੀਤ ਵਿਚ ਉਹਨੀਂ ਵਿਥ ਰਹਿੰਦੀ ਹੈ। ਇਸ ਲਈ ਗੁਰੂ ਜੀ ਜੋ ਕੁਝ ਕਿਹਾ ਸੀ

Sri Satguru Jagjit Singh Ji Elibrary NamdhariElibrary@gmail.com

ਕਰ ਵਿਖਾਈਆ ਸੀ ਤੇ ਸਰੇ ਮਦਾਨ ਕੀਤਾ ਸੀ। ਤੇ ਸਾਂਝਪਕੀ ਕਰਨ ਲਈ ਸਿਰ ਧੜ ਦਾ ਵੇਰਵਾ ਨਹੀਂ ਸੀ ਕੀਤਾ।

ਸੂਤ ਇਕ ਜਿਉ ਤਾਣਾਂ ਪੇਟਾ ਤੇ ਭ੍ਰਾ ਇਕੋ ਜੇਹਾ ਵਾਕ ਸਫਲ ਕੀਤਾ ਸੀ।

ਮੈਂ ਦਿਨ ਤੋਂ ਸਤਿਗੁਰੂ ਜੀ ਪਾਸੋਂ ਇਹ ਉਪਰ ਲਿਖਿਆ ਦ੍ਰਿੜਤਾ ਦਾ ਵੇਰਵਾ ਸੁਨਿਆ।

ਬਚਮਨ ਗੁਰੂ ਜੋ ਪੂਰੇ ਕਹਿਉ ਮੈਂ ਛੀਕ ਗਾਨੁਰੀ ਬਾਧਾ ਵਾਕ ਨੁਸਾਰ ਪਲੇ ਬਧਾ ਹੈ। ਤੇ ਅਮੁਲੀਕ ਲਾਲ ਇਹਿ ਰਤਨ। ਵਾਕ ਦੀ ਵਰਤੋਂ ਦਾ ਨਿਹਚਾ ਲੈ ਹੀ ਗੁਰ ਸਿਖਾਂ ਨੂੰ ਦਸਣ ਦਾ ਮਨ ਬਨਾਇਆ ਹੈ।

ਮੈਂ ਕੇਸ ਗੜ ਜਾ ਮਥਾ ਟੇਕਿਆ, ਤੇ ਹਰ ਮਿਲੇ ਸਿਖ ਤੋਂ ਪੁਛਣ ਦਾ ਜਤਨ ਕੀਤਾ। ਕਿ ਕੇੜਾ ਸਿਖ ਦਰਬਾਨ ਏਥੋਂ ਦੇ ਨੇੜੇ ਦੇ ਪਿੰਡ ਦਾ ਥੋੜੇ ਸਾਲਾਂ ਰਿ ਰਿਹਾ ਹੈ। ਪਿਛੇ ਜਾਂ ਹੁਣ ਹੈ। ਮੈਂ ਕੁਕਾਸਾ ਉਹਨਾਂ ਮੈਨੂੰ ਸੈਦ ਕੋਈ ਸੀ ਆਈ ਡੀ ਦਾ ਸਮਸਝਿਆ ਆਦਰ ਕਰਨ। ਮਿਠਾ ਬੋਲਨਾਂ ਛੁਟ ਮੇਰੇ ਨਾਲ ਕਿਸੇ ਕੋਈ ਕਸਰ ਨ ਛਡੀ ਮੈਂ ਗੁਰੂ ਕੇ ਬਬਤਰਾਂ ਤੇ ਅਸਥਾਨ ਦਾ ਦਰਸ਼ਨ ਕਰ ਮਥਾ ਟੇਕ ਵਾਪਸ ਨਿਰਾਸ ਮੁੜ ਪਟਿਆਲੇ ਸੰਤ ਇੰਦਰ ਸਿੰਘ ਜੀ (ਚਕਰ ਵਰਤੀ) ਜੀ ਨੂੰ ਆ ਅਨੰਦ ਪੁਰ ਕੇਸ ਗੜ ਜਾਣ ਦਾ ਕਾਰਨ ਤੇ ਨਿਰਾਸ ਮੁੜਨਾਂ ਦਸਿਆ ਤੇ ਸੰਤ ਜੀ ਮੈਨੂੰ ਅਕਾਲੀ ਪਤ੍ਰਕਾ ਤੇ ਛਪ ਚੁਕੀ ਆਪਣੀ (ਖਾਲਸੇ ਦੀ ਵਾਰ) ਕਾਢ ਦਿਤੀ ਤੇ ਨਾਲੇ ਦਸਿਆ ਇਹ ਪੜਕੇ ਸ੍ਰ: ਗੰਡਾ ਸਿੰਘ ਜੀ ਕੇਵਲ ਹਿਸਟੋਰੀਅਨ ਨੇ ਉਹਨਾਂ ਨੂੰ ਪੁਛਿਆ ਸੀ ਕੇ ਸੰਤਜੀ ਇਹ ਵਾਰ ਆਪਨੇ ਕਿਸ ਸਬੂਤ ਦੇ ਅਧਾਰ ਤੇ ਛਪਾ ਦਿਤੀ ਹੈ ਤਾਂ ਮੈਂ ਕਿਹਾ ਸੀ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਇਹ ਸਭ ਵਾਰਤਾ ਸੁਣੀ ਹੈ ਤੇ ਉਹ ਹੀ ਮੇਰੀ ਖੋਜ ਦੇ ਅਧਾਰ ਤੇ ਸਬੂਤ ਦਾ ਸਿਟਾ ਹਨ।

Sri Satguru Jagjit Singh Ji Elibrary NamdhariElibrary@gmail.com

ਇਹ ਸੁਣ ਸ੍ਰ: ਗੰਡਾ ਸਿੰਘ ਜਿਸ ਨੇ ਕੂਕਿਆਂ ਦੀ ਵਿਥਿਆ ਸਾੜ ਦੇ ਸੁਭਾ ਨਾਲ ਲਿਖ ਛਪਵਾਈ ਹੈ ਚੁਪ ਹੋ ਗਿਆ। ਤੇ ਅਜਿਹਾ ਚੁਪ ਕੀਤਾ ਕਿ ਇਸ ਦੀ ਤਰਦੀਦ ਭੀ ਨ ਕਰ ਸਕਿਆ :-

ਤੇ ਕਿਸੇ ਹੋਰ ਭੀ ਅਕਾਲੀ ਪਤ੍ਰਕਾ ਦੇ ਪਾਠਕ ਇਸ ਤੇ ਕਿੰਤੂ ਨਹੀਂ ਕੀਤਾ ਹੁਣ ਤਕ। ਜਿਸ ਤੋਂ ਸਾਫ ਸਿਧ ਹੈ। ਕੇ ਭਾਵੇਂ ਮਾਸ ਖਾਣ ਦੇ ਲਾਲਚੀ ਬਕਰੇ ਤੇ ਪੜਦਾ, ਸਿਖੀ ਸਾਜਨ ਸਮੇਂ ਗੁਰੂ ਜੀ ਵਲੋਂ ਪੇਸ਼ ਕਰਦੇ ਹਨ ਪਰ ਹੈ ਇਵੇਂ ਹੀ ਜਿਵੇਂ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਸੁਣ ਸੰਤ ਜੀ ਖਾਲਸ ਦੀ ਵਾਰ ਲਿਖੀ ਹੈ।

# ਉਹ ਖਾਲਸੇ ਦੀ ਵਾਰ

(ਰੋਜ਼ਾਨਾ ਅਕਾਲੀ ਪਤਰਕਾ ਅੰਮ੍ਰਿਤਸਰ, ਜਲੰਧਰ)

ਬੁਧਵਾਰ ੧੩ ਅਪਰੈਲ ੧੯੫੫ ਮੁਤਾਬਕ ੧ ਵੈਸਾਖ ੨੦੧੨। ਅਕਾਲੀ ਪਤਰਕਾ ਦੇ ਵਿਸ਼ੇਸ਼ ਵੈਸਾਖੀ ਅੰਕ ਲਈ (ਖਾਲਸੇ ਦੀ ਵਾਰ) ਵਲੋਂ ਸੰਤ ਇੰਦਰ ਸਿੰਘ ਜੀ ਚਕਰ ਵਰਤੀ ਪਟਿਆਲਾ।

ਪੁਰੀ ਅੰਨਦ ਵਿਚ ਦਸਮ ਗੁਰੂ ਧਰ ਤੇਜ ਕਰਾਰਾ
ਤਖਤ ਰਚਾਇਆ ਸਚ ਦਾ ਸਚ ਵਣਜ ਪਸਾਰਾ
ਔਰੰਗਜ਼ੇਬ ਪੰਥ ਦੇ ਦਿਲ ਵਿਚ ਡਰ ਵਧਿਆ ਭਾਰਾ
ਓਸ ਭੇਜਿਆ ਇਕ ਰਪੋਟ ਲੈਣ ਆਪਣਾ ਹਲਕਾਰਾ
ਜਿਸ ਆਪਣੀ ਅਖੀਂ ਵੇਖਿਆ ਇਹ ਖਾਸ ਨਜ਼ਾਰਾ
ਲਿਖ ਭੇਜੀ ਓਸ ਰਪੋਟ ਸੀ ਸਚ ਜਿਵੇਂ ਨਿਹਾਰਾ
ਮੈਂ ਵੇਖਿਆ ਗੁਰੂ ਗੋਬਿੰਦ ਦਾ ਇਕ ਅਦ ਭੁਤਕਾਰਾ
ਓਸ ਵੈਸਾਖੀ ਦੇ ਪੁਰਬ ਤੇ ਸਭ ਪੰਥ ਹਕਾਰਾ

ਤੰਬੂ ਲਾਇਆ ਕੇਸ ਗੜ੍ਹ ਸਜਿਆ ਦਰਬਾਰਾ
ਭਰਿਆ ਖੂਬ ਦੀਵਾਨ ਜਦ ਕੱਠ ਹੋਇਆ ਸਾਰਾ
ਹਥ ਵਿਚ ਪਕੜੀ ਤੇਗ ਸੀ ਦਸਵੇਂ ਅਵਤਾਰਾ
ਉਹ ਬਿਜਲੀ ਵਾਂਗੂ ਚਮਕਦੀ ਮਾਰੇ ਲਸ਼ਕਾਰਾਂ
ਉਸ ਉਚੀ ਥਾਂਉ ਖਲੋਇਕੇ ਮਾਰਿਆ ਭਬਕਾਰਾ
ਮੈਂ ਤਿਲਕ ਭਗੌਤੀ ਲਾਵਣਾਂ ਜਿਉ ਫੁਲ ਅਨਾਰਾ
ਹੈ ਕੋਈ ਐਸਾ ਸੂਰਮਾਂ ਜਿਸ ਮਰਨ ਪਿਆਰਾ
ਮੈਂ ਸੀਸ ਉਡਾਵਾਂ ਉਸਦਾ ਬੱਸ ਇਕੋ ਵਾਰਾ
ਉਹ ਆਵੇ ਮੇਰੇ ਸਾਹਮਣੇ ਸਿਰ ਦੇਵਣ ਹਾਰਾ
ਪਹਿਲਾਂ ਲਵੇ ਵਿਚਾਰ ਇਹ ਕੰਮ ਮੁਸ਼ਕਲ ਭਾਰਾ
ਉਠ ਨਠੇ ਪਿਛੇ ਫੇਰਨ ਨ ਤਕ ਮੌਤ ਕਨਾਰਾ
ਮੈਂ ਚਖਾਵਾਂ ਮੌਤ ਦਾ ਉਸ ਨੂੰ ਵਰਤਾਰਾ
ਵਰਤੀ ਚੁਪ ਦਰਬਾਰ ਵਿਚ ਇਹ ਸੁਣ ਕੇ ਨਾਰਾ
ਤਦ ਉਠ ਖਲੋਤਾ ਦਇਆ ਰਾਮ ਜਿਸ ਸਿਦਕ ਸਹਾਰਾ
ਮੇਰੇ ਧੰਨ ਭਾਗ ਗੁਰਦੇਵ ਜੀ ਜੇ ਕੰਮ ਤੁਮਾਰਾ
ਮੇਰਾ ਸਿਰ ਲਿਆਂ ਸਰ ਜਾਏ ਜੇ ਸਦਕੇ ਬਲਹਾਰਾ
ਫੜ ਸਰੇ ਮਦਾਨ ਹੀ ਉਸ ਦਾ ਸਿਰ ਕੱਪ ਉਤਾਰਾ
ਵਗ ਤੁਰਿਆ ਤਦ ਧਰਤ ਤੇ ਰੱਤ ਦਾ ਪਰਨਾਰਾਂ
ਜਦ ਫੇਰ ਗੁਰੂ ਨੇ ਆਖਿਆ ਉਹ ਵਾਕ ਦੁਬਾਰਾ
ਕਈ ਕੰਚੇ ਕਾਇਰ ਨਸ ਗਏ ਕੋਈ ਵੇਖ ਨ ਚਾਰਾ
ਤਦ ਦੂਜਾ ਵੀ ਇਕ ਉਠਿਆ ਜੋ ਧਰਮੀ ਭਾਰਾ
ਮੈਨੂੰ ਨਾਲ ਰਲਾ ਲਉ ਦਇਆ ਦੇ ਸਾਥ ਜੋ ਹਮਾਰਾ।
ਤਿਵੇਂ ਓਸ ਨੂੰ ਵੀ ਫੜਲਿਆ ਛਡਕੇ ਜੈਕਾਰਾ।
ਵਰਤਾਇਆ ਭੀ ਉਸ ਨਾਲ ਗੁਰ ਉਹੀ ਕਾਰਾ।
ਤੀਜੀ ਵਾਰੀ ਗੁਰੂ ਜੀ ਜਦ ਬੋਲ ਸੀ ਮਾਰਾ।

ਹਿੰਮਤ ਨਾਂ ਦਾ ਉਠਿਆ ਇਕ ਹੋਰ ਦੁਲਾਰਾ।
ਉਸ ਮੋਹਕਮ ਨਾਲ ਰਲਾ ਲਿਆ ਜੋ ਚੌਥਾ ਪਿਆਰਾ।
ਪੰਜਵੇਂ ਸਾਹਿਬ ਆਣਕੇ ਸਭ ਕੰਮ ਸਵਾਰਾ।
ਇਉਂ ਪੰਜ ਨਤਾਰੇ ਸੂਰਮੇ ਆਪੋ ਆਪਣੀ ਵਾਰਾ।
ਉਹ ਦਿਤੇ ਸਨ ਝਟਕਾਏ ਸਭ ਵਡ ਕੀਤਾ ਕਾਰਾ।
ਰਖ ਦਿਤੇ ਸਿਰ ਧੜਾਂ ਤੇ ਅੰਮ੍ਰਿਤ ਛਿੜਕਾਰਾ।
ਉਹ ਹੋ ਗਏ ਪਹਿਲਾਂ ਵਾਂਗ ਹੀ ਜਪਦੇ ਕਰਤਾਰਾ।
ਗੁਰੂ ਵੱਢ ਕੇ ਜੋੜੇ ਫੇਰ ਸਿਰ ਧੜ ਮੋਅਜਜ਼ਾ ਭਾਰਾ।
ਇਹ ਧੜ ਉਹੀ ਸਿਰ ਉਹੀ ਹੈ ਨਹੀਂ ਕੀਆ ਨਿਤਾਰਾ।
ਜਿਸ ਧੜ ਤੇ ਜੇਹੜਾ ਰਖਿਆ ਜੁੜਿਆ ਬਿਨ ਬਾਰਾ।
ਲਾਂਦਾ ਪਿਊਂਦ ਜਿਉਂ ਬਾਗਵਾਨ ਹੋਰ ਸ਼ਾਖ ਹੋਰ ਡਾਰਾ।
ਇਉਂ ਸਾਂਝੀ ਧੜਕਨ ਪੰਥ ਦੀ ਕਰ ਇਕੋ ਸਾਰਾ।
ਗੁਰ ਮਾਰੀ ਭਬਕ ਦੀਵਾਨ ਵਿਚ ਜੋ ਸੁਣੀ ਹਜ਼ਾਰਾ।
ਓਸ ਮੁਗਲ ਰਾਜ ਦੂਰ ਕਰਨ ਦਾ ਕੀਤਾ ਇਕਰਾਰਾ।
ਓਸ ਦੇਸ਼ ਆਜ਼ਾਦੀ ਵਾਸਤੇ ਇਹ ਕੀਆ ਪਸਾਰਾ।
ਸੁਣ ਡਰ ਡਰ ਉਠਣ ਪਹਾੜੀਏ ਰਣਜੀਤ ਨਗਾਰਾ।
ਕੋਈ ਲਾ ਲਓ ਜੇਕਰ ਲਗਦਾ ਹੈ ਆਪਣਾ ਚਾਰਾ।
ਓਸ ਵੱਸ ਕੀਤਾ ਹੈ ਸ਼ਕਤ ਨੂੰ ਕਰ ਜਾਪ ਉਚਾਰਾ।
ਓਸ ਪੰਥ ਰਚਾਇਆ ਖਾਲਸਾ ਵਡ ਜੋਧ ਅਪਾਰਾ।
ਓਸ ਪਹੁਲ ਪਿਲਾਈ ਖੰਡੇਧਾਰ ਕਰ ਜਨਮ ਸੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਮੈਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸ੍ਰੀ ਜੀਵਨ ਨਗਰ ਮਿਲ ਕੇਸ ਗੜ੍ਹੋਂ ਹੋ ਨਿਰਾਸ ਮੁੜਨਾ ਦਸਿਆ ਤੇ ਨਾਲੇ ਸੰਤ ਜੀ ਦੀ ਇਹ ਛਪੀ ਵਾਰ ਸੁਣਾਈ ਤੇ ਗੰਡਾ ਸਿੰਘ ਨਾਲ ਸੰਤ ਜੀ ਦੀ ਹੋਈ

ਇਸ ਵਾਰ ਬਾਰੇ ਭੀ ਗਲ ਦਸੀ ਤੇ ਦਸਿਆ ਕਿ ਕਿਸੇ ਤਰਦੀਦ ਭੀ ਨਹੀਂ ਕੀਤੀ ਤਾਂ ਸਤਿਗੁਰੂ ਜੀ ਕਿਹਾ ਹੈ ਹੀ ਸਚ ਇਹੋ ਜੋ ਮੇਰਾ ਮਨ ਮੰਨਦਾ ਹੈ।

ਜਿਸ ਆਸ਼ੇ ਸਿਧੀ ਲਈ ਇਹ ਉਪਰ ਲਿਖੀ ਵਾਰ ਏਥੇ ਦਿਤੀ ਹੈ ਓਸੇ ਸਿਧੀ ਲਈ (ਸੰਤ) ਇੰਦਰ ਸਿੰਘ ਜੀ ਖਾਲਸੇ ਦੀ ਵਾਰ ਇਹ ਲਿਖੀ :

ਉਤੇ ਅਕਾਲੀ ਪਤੂਕਾ ਸੈਂ ਵਹਿਮੀ ਪਿਖੀ।
ਜੇਹੜੇ ਆਖਣ ਬਕਰੇ ਮਾਰ ਕੇ ਗੁਰ ਸਾਜੀ ਸਿਖੀ।
ਉਹ ਕਰਨ ਵਾਂਗ ਬਕਰੀਦ ਦੇ ਗੁਰ ਕਾਰ ਕਾ ਰਿਖੀ।
ਉਹ ਆਖ ਨ ਸਕਣ ਸਿਖੀ ਦੀ ਨੀਂਹ ਪਰਖ ਹੈ ਵਿਖੀ।
ਸੂਲੀ ਉਪਰ ਖੇਡਣਾ ਰਾਹ ਖੰਡਿਉਂ ਤਿਖੀ।
ਨ ਕੀਤਾ ਪਾਜ ਮਹਾਰਾਜ ਸੀ ਜਿਉਂ ਭੇਖੀ ਭਿਖੀ।
ਤਾਹੀਉਂ ਬੋਲ ਤੇ ਤੋਲ ਦੀ ਸਿਖਾ ਮਤ ਸਿਖੀ।
ਸੋਧੇ ਸੀ ਗੁਰ ਤੇਗ ਧਾਰ ਸਿਖ ਜੋਧੇ ਰਿਖੀ।
ਅੰਮ੍ਰਿਤ ਛਕਿਆ ਸਿਖਾਂ ਤੋਂ ਵਡਿਆਈ ਸਿਖੀ।
ਇਹ ਚੋਜ ਅਪੂਰਬ ਵੇਖਕੇ ਕਹੋ ਭਰਿਆ ਮੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਜੇ ਇਸ ਸਚਾਈ ਤੋਂ ਸਿਰ ਫੇਰਨ ਤਾਂ ਵੋਰਨ ਕਈ ਤਰਕੀ ਸਿ ਹੋ ਜਾਂਦੇ ਹਨ ਕਿ ਖਾਲਸਾ ਜੀ ਤੁਹਾਡਾ ਤਾਂ ਜਨਮ ਹੀ ਜਾਲਸਾ ਤੋਂ ਹੋਇਆ ਹੈ। ਜਿਨ ਮਨ ਹੋਰ ਮੁਖ ਹੋਰ ਸੇ ਕਾਂਢੇ ਕਚਿਆ (ਵਾਕ ਸਚੇ ਪਾਤਸ਼ਾਹ ਸ੍ਰੀ ਗੁਰ ਗੋਬਿੰਦ ਸਿੰਘ ਜੀ ਤੇ ਕਿਵੇਂ ਕੋਈ ਘ ਸਕਦਾ ਹੈ। ਇਹ ਸੁਣ ਮੇਰੀ ਰਹਿੰਦੀ ਰੀਝ ਭੀ ਪੂਰੀ ਹੋ ਗਈ ਬਚਨ ਗੁਰੂ ਜੋ ਪੂਰੇ ਕਹਿਉ ਮੈ ਛੀਕੁ ਗਾਂਠਰੀ ਬਾਧਾ।

ਹੁਣ ਮੈਂ (ਭਾਈ ਰਣਧੀਰ ਸਿੰਘ ਜੀ ਰਚਿਤ) (ਝਟਕਾ ਮਾ

Sri Satguru Jagjit Singh Ji Elibrary NamdhariElibrary@gmail.com

ਪ੍ਰਥਾਇ) ੩੩ ਗੁਰਮਤਿ ਨਿਰਨੈ, ਪੁਸਤਕ ਦੇ ੧੭੧ ਪੰਨੇ ਤੋਂ ਸ਼ੁਰੂ ਹੋ ੧੭੨ ਪੰਨੇ ਸਾਰੇ ਤੇ ਜੋ ਭਾਈ ਸਾਹਿਬ ਜੀ ਲਿਖਿਆ ਹੈ ਉਹ ਪਾਠਕਾਂ ਨੂੰ ਇਸੇ ਨਿਰਣੇ ਦੀ ਸਿਧੀ ਹਿਤ ਦਰਸਾਉਂਦਾ ਹਾਂ।

ਬਹੁਤ ਸਾਰੇ ਸਰਧਾਵਾਨ ਸਿੰਘ ਸਾਹਿਬਾਨ ਦਾ ਪੂਰਨ ਵਿਸ਼ਵਾਸ਼ ਇਹ ਹੈ ਕਿ ਸਰਬ ਕਲਾ ਸਮਰੱਥ ਚੋਜੀ ਗੁਰੂ ਸ੍ਰੀ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਦੇ ਹੀ ਸ਼ੀਸ ਸ੍ਰੀ ਸਾਹਿਬ ਨਾਲ ਲੈਕੇ ਫੇਰ ਸੁਰਜੀਤ ਕਰ ਦਿਤੇ। ਇਹ ਐਨ ਸੋਲਾਂ ਆਨੇ ਸੱਚ ਹੈ ਕਿ ਚੋਜੀ ਸਤਿਗੁਰੂ ਦਸਮੇਸ ਜੀ ਨੇ 'ਜਉ ਤਉ ਪਰੇਮ ਖੇਲਨ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ। ਇਤ ਮਾਰਗ ਪੈਰ ਧਰੀਜੈ। ਸਿਰ ਦੀਜੈ ਕਾਣ ਨ ਕੀਜੈ।' ਅਤੇ 'ਪਹਿਲਾਂ ਮਰਨ ਕਬੂਲ ਕਰ ਜੀਵਨ ਕੀ ਛਡ ਆਸ। ਗੁਰਵਾਕਾਂ ਦੀ ਸਚੀ ਕਸਵੱਟੀ ਤੇ ਚਾੜ੍ਹਕੇ ਹੀ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਦੀ ਦਾਤ ਪਰਦਾਨ ਕੀਤੀ। ਕੋਈ ਭਿਆਨਕ ਰੋਚਕ ਪਰਤਾਵੇ ਨਹੀਂ ਪਾਏ। ਐਨ ਯਥਾਰਥ ਪੂਰਨੇ ਸੀਸ ਉਤਾਰਨ ਦੇ ਪਾਏ। ਸੀਸ ਉਤਾਰ ਕੇ ਫੇਰ ਸੁਰਜੀਤ ਕਰ ਦੇਣਾ ਗੁਰ ਕਲਾ, ਕ੍ਰਿਸ਼ਮੀ ਦਾ ਸਚਾਵਾਂ ਕ੍ਰਿਸ਼ਮਾ ਹੈ।

ਸ੍ਰੀ ਪੰਚਮ ਪਾਤਸ਼ਾਹ ਨੇ ਮੂਸਨ ਜੀ ਦੇ ਧੜੋਂ ਜੁਦਾ ਹੋਏ ਸੀਸ ਨੂੰ ਫੇਰ ਜੋੜਕੇ ਸੁਰਜੀਤ ਕੀਤਾ। ਇਹ ਆਮ ਪੰਥ ਪਰਸਿਧ ਸਾਖੀ ਹੈ।ਉਸ ਜੋਤਿ,ਜੋਤੀਸ਼ਰ ਕਲਾ ਵਾਲੇ ਕਲਾਧਾਰੀ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਪੰਥ ਪਰਗਟ ਕਰਨ ਸਮੇਂ ਅਤੇ ਅੰਮ੍ਰਿਤ ਦੀ ਦਾਤ ਪੰਜਾਂ ਪਿਆਰਿਆਂ ਨੂੰ ਪਰਦਾਨ ਕਰਨ ਸਮੇਂ ਸਚ ਮੁਚ ਪੰਜਾਂ ਦੇ ਸੀਸ ਉਤਾਰ ਕੇ ਫੇਰ ਉਹਨਾਂ ਨੂੰ ਸੁਰਜੀਤ ਕੀਤਾ। ਨਵ ਜੀਵਨੀ ਜੀਵਨ ਬਖਸ਼ਿਆ ਅਤੇ ਅਮਰ ਕਰ ਦਿਤਾ। ਇਸ ਵਿਚ ਰੰਚਕ ਵੀ ਸੰਦੇਹ ਨਹੀਂ। ਦੇਹੋਂ ਬਿਦੇਹ ਕੀਤੇ ਬਾਝੋਂ ਅਮ੍ਰਿਤ ਕਲਾ ਵਰਤਦੀ ਹੀ ਨਹੀਂ। ਚੋਜੀ ਸਤਿਗੁਰੂ ਨੇ ਸਚਾ ਚਲਿਤ ਅਮਰ ਕਰਾਉਣ ਦਾ ਵਰਤਾਇਆ। ਬਕਰੇ ਵੱਢਣ ਦੇ ਪਰਪੰਚ ਰਚਨ ਦਾ ਸਤਿਵਾਦੀ ਸਤਿਗੁਰੂ ਜੀ ਨੂੰ

Sri Satguru Jagjit Singh Ji Elibrary NamdhariElibrary@gmail.com

ਕੀ ਲੋੜ ਸੀ। ਇਹ ਸਭ ਝੂਠ ਲਿਖਤ ਲਿਖੀ ਹੈ ਲਿਖਣ ਹਾਰਿਆਂ ਨੇ।

ਭਾਈ ਰਣਧੀਰ ਸਿੰਘ ਜੀ ਇਸੇ ਗ੍ਰੰਥ ਦੇ ਪੰਨੇ ੧੯੪ ਤੋਂ ੧੯੭ ਤਕ ਜੋ ਪ੍ਰਸ਼ਨ ਉਤਰ ਦੇ ਸਬੰਧ ਚਿ ਲਿਖਦੇ ਹਨ (ਪ੍ਰਸ਼ਨ ਨਿਸ਼ਕ ਸਿੰਘ ਵਲੋਂ) ਦੇਖੋ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਕਲਗੀਧਰ ਜੀ ਨੇ ਸਿਰੀ ਕੇਸ ਗੜ੍ਹ ਸਾਹਿਬ ਪੰਜਾਂ ਪਿਆਰਿਆਂ ਦੀ ਚੋਣ ਦਾ ਚੋਜ ਵਰਤਾਉਣ ਸਮੇਂ ਪੰਜ ਬਕਰੇ ਝਟਕਾਏ।

(ਉਤਰ) ਗੁਰਪ੍ਰਸਾਦ ਸਿੰਘ ਵਲੋਂ, ਸਚ ਮੁਚ ਇਹ ਚੋਜ ਹੀ ਵਰਤਾਇਆ ਹੈ ਸ੍ਰੀ ਕਲਗੀਧਰ ਜੀ ਨੇ। ਬਕਰੇ ਬੁਕਰੇ ਕੋਈ ਨਹੀਂ ਝਟਕਾਏ। ਜੋ ਇਤਿਹਾਸਕਾਰ ਬਕਰੇ ਝਟਕਾਉਣ ਲਿਖਦੇ ਹਨ, ਉਹ ਸਰੀ ਚੋਜੀ ਪਾਤਸ਼ਾਹ ਜੀ ਦੀ ਚੋਜ ਚਲਿਤ ਕਲਾ ਵਲੋਂ ਸੁਨ ਸਰਧਾਹੀਨ ਹਨ। ਕਲਾਧਾਰੀ ਸਿਰੀ ਕਲਗੀਧਰ ਸਚੇ ਪਾਤਸ਼ਾਹ ਨੂੰ ਬਕਰੇ ਝਟਕਾਉਣ ਵਾਲਾ ਨਾਟਕ ਰਚਨ ਦੀ ਕੀ ਲੋੜ ਸੀ। ਸਰਬ ਕਲਾ ਸਮਰੱਥ 'ਹਰਨ ਭਰਨ ਜਾਕਾ ਨੇਤਰ ਫੇਰ' ਵਾਲੀ ਕੁਦਰਤ ਦੇ ਮਾਲਕ ਸਾਹਿਬ ਸਿਰੀ ਗੁਰੂ ਦਸਮੇਸ ਜੀ ਨੇ ਜੋ ਚੋਜ ਵਰਤਾਇਆ, ਉਹ ਕਰਨ ਹੋਰ ਤੇ ਦਿਖਾਉਣ ਹੋਰ ਵਾਲਾ ਨਾਟਕ ਨਹੀਂ ਸੀ, ਸਗੋਂ ਕਹਿਣੀ ਤੇ ਕਰਨੀ ਨੂੰ ਇਕ ਸਮਾਨ ਪਰਤਖ ਦਿਖਾਉਣ ਵਾਲਾ ਕਮਾਲ ਸੀ। ਪੁਕਾਰ ਕੇ ਭਰੇ ਦੀਵਾਨ ਵਿਚ ਉਹ ਕਹਿਣ—ਸਾਨੂੰ ਇਕ ਸੀਸ ਦੀ ਲੋੜ ਹੈ। ਆਵੇ ਕੋਈ ਗੁਰੂ ਕਾ ਪਿਆਰਾ ਨਿਤਰੇ ਤੇ ਸੀਸ ਭੇਟ ਚੜ੍ਹਾਵੇ, ਕਥਨੀ ਕਰ ਸੀਸ ਭੇਟਾ ਮੰਗਣ ਸਿਖ ਦਾ, ਅਤੇ ਕਰਨੀ ਕਰ ਵਢਕੇ ਵਖ ਕਰਨ ਸਿਰ ਬਕਰੇ ਦਾ, ਕਹੀ ਅਜੋੜ ਗੱਲ ਹੈ। ਕਿਹਾ ਅਨਜਾਣਪੁਣਾ ਹੈ। ਸਿਖਾਂ ਦੇ ਸੀਸ ਲੈਣ ਦਾ ਹੋਕਾ ਦੇਕੇ ਬਕਰੇ ਦਾ ਸੀਸ ਵਢਣਾ ਮਦਾਰੀਆਂ ਵਾਲੀ ਹਥ ਫੇਰੀ ਨਹੀਂ ਤਾਂ ਹੋਰ ਕੀ ਹੈ।

ਸਾਹਿਬ ਕਸ਼ਫੋ ਕਰਾਮਾਤ, ਵਾਲੀਏ ਦੋ ਜਹਾਨ, ਸਿਰਜਣ-ਹਾਰੇ, ਮਕੀਨੋ ਮਕਾਨ ਮਾਲਕ ਪਾਤਸ਼ਾਹ ਸਿਰੀ ਗੁਰੂ ਗੋਬਿੰਦ

Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਉਪਰ ਮਦਾਰੀਆਂ ਵਾਲੀ ਹਥਫੇਰੀ ਦਾ ਦੂਸ਼ਨ ਲਾਉਣਾ, ਇਹ ਅਸ਼ਰਧਕ ਇਤਿਹਾਸਕਾਰਾਂ ਦੀ ਕਰਤੂਤ ਹੈ। ਅਤੇ ਇਸਹਥ ਫੇਰੀ ਨੂੰ ਸਚ ਮੰਨਣਾਂ ਅਜ ਕਲ੍ਹ ਦੀ ਨਾਸਤਕਤਾ ਦੇ ਵਾਯੂ ਮੰਡਲ ਵਿਚ ਪਰਿਵਿਰਤ ਹੋਏ ਆਪ ਜੈਸੇ ਸਤਿਗੁਰੂ ਜੀ ਦੀ ਸ਼ਕਤਿ ਤੋਂ ਮੁਨਕਰ ਸਿਖਾਂ ਦਾ ਕਮ ਹੈ।

(ਪ੍ਰਸ਼ਨ) ਤੁਹਾਡਾ ਕੀ ਨਿਸਚਾ ਹੈ। ਕਿ ਗੁਰੂ ਕਲਗੀਧਰ ਜੀ ਨੇ ਬਕਰੇ ਨਹੀਂ ਝਟਕਾਏ ਤਾਂ ਫਿਰ ਕੀ ਕੀਤਾ ਹੈ।

(ਉਤਰ) ਮੇਰਾ ਨਿਸਚਾ ਹੀ ਨਹੀਂ ਸਿਦਕ ਭਰਿਆ ਸਚਾ ਭਰੋਸਾ ਹੈ ਕਿ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਬਕਰਿਆਂ ਦੇ ਸਿਰ ਨਹੀਂ ਲਏ ਸਗੋਂ ਸਚ ਮੁਚ ਪੰਜਾਂ ਪਿਆਰਿਆਂ ਦੇ ਸੀਸ ਲੈਕੇ ਪੰਜਾਂ ਨੂੰ ਹੀ ਫੇਰ ਸੁਰਜੀਤ ਕਰ ਦਿਤਾ ਆਪਣੀ ਕਸ਼ਫ ਕਰਾਮਾਤਾ ਦੇ ਕਰਿਸ਼ਮੇ ਦੇ ਤੁਫੈਲ।

(ਪ੍ਰਸ਼ਨ) ਕਰਾਮਾਤ ਨੂੰ ਤਾਂ ਕਹਿਰ ਦਸਿਆ ਗਿਆ ਹੈ ਫੇਰ ਸਤਿਗੁਰੂ ਨੇ ਕਿਉਂ ਦਿਖਾਈ।

(ਉਤਰ) ਗੁਰੂ ਕਲਗੀਧਰ ਮਹਾਰਾਜ ਨੇ ਕਰਾਮਾਤ ਦਿਖਾਈ ਨਹੀਂ ਕਾਦਰੀ ਹੁਕਮ ਦੇ ਉਲਟ ਸੁਚਕ ਸੁਆਰਥਾਂ ਖਾਤਰ ਲੋਕਾਂ ਨੂੰ ਰੀਝਾਉਣ ਲਈ ਜਾਂ ਵੈਰ ਵਿਰੋਧ ਦੇ ਅਧੀਨ ਹੋਕੇ ਕਿਸੇ ਨੂੰ ਦੁਖ ਦੇਣਾ ਜਾਂ ਮਾਰਨ ਲਈ ਕਰਾਮਾਤ ਵਰਤਣੀ ਨਿਰਾ ਕਹਿਰ ਹੈ। ਅਕਾਲੀ ਹੁਕਮ ਅਨੁਸਾਰ (ਪੰਥ ਪਰਚੂਰ ਕਰਕੇ) ਕਉ ਕੀਤੇ ਪਰ ਉਪਕਾਰ ਹੇਤ ਇਸ ਪਰਕਾਰ ਦਾ ਕੋਈ ਚਲਤ ਚਲਤਾ ਦੇਣਾ ਮੋਹਾ ਪੁਰਖਾਂ ਦੀ ਅਜਮਤ ਹੈ।

ਭਾਈ ਰਣਧੀਰ ਸਿੰਘ ਜੀ ਇਸੇ ਗਰੰਥ ਦੇ ੧੯੯ ਤੇ ੨੦੦ ਪੰਨੇ ਤੇ ਲਿਖਦੇ ਹਨ। (ਨਿਝਕ ਸਿੰਘ) ਹਾਂ ਇਹ ਤਾਂ ਇਨਸਾਫ

Sri Satguru Jagjit Singh Ji Elibrary NamdhariElibrary@gmail.com

ਵਾਲੀ ਗਲ ਹੈ। ਜਾਪਦਾ ਇਹੋ ਹੈ ਕਿ ਇਤਿਹਾਸਕਾਰ ਮਨਆਈਆਂਗਲਾਂ ਲਿਖ ਮਾਰਦੇ ਹਨ।

(ਗੁਰ ਪਰਸਾਦ ਸਿੰਘ) ਮਨ ਆਈਆਂ ਹੀ ਨਹੀਂ ਆਪਣੀ ਰੁਚੀ ਦੀਆਂ ਗਲਾਂ ਲਿਖਦਿਆ ਕਰਦੇ ਹਨ। ਆਪਣੀਆਂ ਵਾਦੀਆਂ ਨੂੰ ਇਸ ਤਰਾਂ ਦੇ ਪਰਸੰਗਾਂ ਦੇ ਪਰਦੇ ਹੇਠ ਢਕਦੇ ਹਨ। ਜਿਨਾਂ ਨੂੰ ਅਫੀਮ ਖਾਣ ਦੀ ਵਾਦੀ ਪਈ ਹੋਈ ਹੁੰਦੀ ਹੈ ਉਹ ਨਿਸੰਗ ਅਤੇ ਨਿਰਲੱਜ ਹੋਕੇ ਆਪਣੇ ਲਿਖੇ ਇਤਿਹਾਸ ਵਿਚ ਲਿਖ ਦਿੰਦੇ ਹਨ ਕਿ ਗੁਰੂ ਦਸਮੇਸ਼ ਜੀ ਭੀ ਅਫੀਮ ਖਾਇਆ ਕਰਦੇ ਸਨ। ਜਿਨਾਂ ਨੂੰ ਭੰਗ ਪੀਣ ਦੀ ਵਹਿਦਤ ਚਮੜੀ ਹੋਈ ਹੈ ਉਹ ਸਤਿਗੁਰੂ ਜੀ ਨੂੰ ਭੀ ਭੰਗ ਦਾ ਹੀ ਭੋਗ ਲੁਆਂਦੇ ਹਨ ਅਤੇ ਮੂੰਹ ਪਾੜ ਪਾੜ ਕੇ ਆਖਦੇ ਹਨ ਕਿ ਸਤਿਗੁਰੂ ਨੇ ਖੁਦ ਭੰਗ ਪੀਤੀ ਅਤੇ ਭੰਗ ਲੁਆਈ ਇਸੇ ਤਰਾਂ ਮਾਸਖੋਰੇ ਇਤਹਾਸਕਾਰਾਂ ਨੇ ਮਾਸ ਖਾਣ ਦੇ ਕਈ ਪਰਸੰਗ ਭੀ ਇਤਿਹਾਸ ਵਿਚ ਜੜ ਦਿਤੇ। ਮਾਸ ਹਾਰੀ ਤੇ ਸ਼ਿਕਾਰ ਦੇ ਵਹਿਦਤਾਰੀ ਤਾਂ ਝਟਕੇ ਹਲਾਲ ਦੇ ਹਦ ਬੰਨੇ ਦੀ ਕੈਦ ਨੂੰ ਭੀ ਟਪ ਖਿਲੋਂਦੇ ਹਨ। ਆਪਣੀ ਫਿਟੀ ਨੀਯਤ ਨੂੰ ਢੰਗ ਲਾਉਣ ਲਈ ਗੁਰੂ ਸਾਹਿਬਾਨ ਨੂੰ ਭੀ ਉਹ ਅਭੱਖ ਭਖੀ ਬਣਾਂ ਦਿੰਦੇ ਹਨ। ਲਾਅਨਤ ਹੈ ਉਹਨਾਂ ਦੀ ਇਸ ਅਕਲ ਤੇ।

(ਪ੍ਰਸ਼ਨ) ਬਕਰੇ ਝਟਕਾਉਣ ਵਾਲਾ ਪਰਸੰਗ ਬੇਹੂਦਾ ਹੀ ਕਿਸੇ ਨੇ ਪਾ ਦਿਤਾ।

(ਉਤਰ) ਹਾਂ ਬਿਲਕੁਲ ਬੇਹੂਦਾ। ਕਿਸੇ ਇਕ ਇਤਿਹਾਸਕਾਰ ਨੇ ਇਹ ਪਰਸੰਗ ਪਾਇਆ। ਫੇਰ ਕਈਆਂ ਨੇ ਮਖੀ ਤੇ ਮਖੀ ਮਾਰ ਦਿਤੀ। ਅਤੇ ਆਪ ਜੈਸੇ ਸੂਧੇ ਸਰਲ ਸਿਖ ਇਸ ਪਰਸੰਗ ਨੂੰ ਸਚ ਮੰਨ ਬੈਠੇ।

Sri Satguru Jagjit Singh Ji Elibrary NamdhariElibrary@gmail.com

# ਵੈਦ ਇੰਦਰ ਸਿੰਘ ਜੀ ਗਗੋਮਾਹਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਲਿਖਦੇ ੯੬ ਅੰਗ ਤੇ ਸਿੰਘ ਪੰਥ ਸਾਜਨਾਂ ਸਮੇਂ ਦਾ ਪਰਸੰਗ ਲਿਖਦੇ ਆਪਣੀ ਰਾਏ ਇਸ ਤਰਾਂ ਲਿਖਦੇ ਹਨ। ਇਹ ਠੀਕ ਹੈ ਕਿ ਗੁਰੂ ਜੀ ਨੇ ਸਿਖਾਂ ਨੂੰ ਕਤਲ ਕਰਕੇ ਹੀ ਫਿਰ ਜ਼ਿੰਦਾ ਕੀਤਾ, ਕਿਉਂਕਿ ਜੇਕਰ ਬਕਰੇ ਝਟਕਾਉਂਦੇ ਤਾਂ ਤੰਬੂ ਵਿਚ ਬਕਰੇ ਗਿੰਨਣ ਯਾ ਝਟਕਾਉਣ ਵਿਚ ਸਿਖਾਂ ਦਾ ਜ਼ਰੂਰੀ ਹੱਥ ਹੋਣਾ ਸੀ ਅਤੇ ਦੀਵਾਨ ਵਿਚ ਬੈਠੇ ਲਖਾਂ ਹੀ ਸਿਖ ਜੇਹੜੇ ਦਸ ਦਿਨਾਂ ਤੋਂ ਪਹਿਲੇ ਹੀ ਓਸ ਤੰਬੂ ਗਿਰਦ ਡੇਰੇ ਲਾਈ ਬੈਠੇ ਸਨ ਕੀ ਉਹਨਾਂ ਨੂੰ ਕੋਈ ਪਤਾ ਨ ਲਗਾ? ਇਹ ਕੋਈ ਛੋਟੀ ਤਾਂ ਚੀਜ਼ ਹੈ ਈ ਨਹੀਂ ਸੀ ਜੇਹੜੀ ਲੁਕਾ ਕੇ ਲੈ ਜਾਂਦੇ। ਜੇ ਬਕਰੇ ਸਨ ਤਾਂ ਉਹਨਾਂ ਨੂੰ ਅੰਦਰ ਲਿਜਾਣ ਲਈ ਦੋ ਚਾਰ ਆਦਮੀਆਂ ਦੀ ਵੀ ਲੋੜ ਪੈਂਦੀ, ਸਿਖਾਂ ਨੂੰ ਇਹ ਪਤਾ ਸੀ ਕਿ ਤੰਬੂ ਅੰਦਰ ਬਕਰੇ ਨਹੀਂ ਹਨ। ਕਿਉਂਕਿ ਉਹ ਕਈ ਦਿਨਾਂ ਤੋਂ ਤੰਬੂ ਦੇ ਗਿਰਦ ਡੇਰੇ ਲਾਈ ਬੈਠੇ ਸਨ। ਉਹਨਾਂ ਨੂੰ ਪਤਾ ਸੀ ਕਿ ਅੰਦਰ ਮਨੁਖਾਂ ਦਾ ਹੀ ਖੂਨ ਹੋ ਰਿਹਾ ਹੈ। ਇਸ ਲਈ ਸਿਰ ਦੀ ਕੋਈ ਹਾਂ ਨਹੀਂ ਸੀ ਕਰਦਾ।

ਅਜ ਸਾਇੰਸ ਦਾ ਜੁਗ ਹੈ ਕਰਾਮਾਤ ਨੂੰ ਕੋਈ ਥਾਂ ਨਹੀਂ, ਪਰ ਇਸ ਗੱਲ ਨੂੰ ਸਭ ਮੰਨਦੇ ਹਨ ਕਿ ਪਵਿਤਰ ਆਤਮਾ ਵਾਲਾ ਜੋ ਚਾਹੇ ਕਰ ਸਕਦਾ ਹੈ। ਆਪਣੀ ਨਜ਼ਰ ਨਾਲ ਰੇਠੇ ਨੂੰ ਮਿਠਾ ਤੇ ਮੋਇਆਂ ਨੂੰ ਜਾਨ ਪਾ ਸਕਦਾ ਹੈ।

ਜੈਸੇ ਗੁਰੂ ਨਾਨਕ ਜੀ ਰੇਠਾ ਮਿਠਾ ਕੀਤਾ ਤੇ ਗੁਰੂ ਅਰਜਨ ਦੇਵ ਜੀ ਮੁਸਨ ਨੂੰ ਜਿਵਾਇਆ।

ਅਗੇ ਤਦ ਕਬਿਤ ਗਿਆਨੀ ਗਿਆਨ ਸਿੰਘ ਜੀ ਵਾਲੇ ਪੰਥ ਪਰਕਾਸ਼ ਚੋਂ ਲੈ ਦੇਣੇ ਭੀ ਜ਼ਰੂਰੀ ਹਨ । ਤਾਕਿ ਜੋ ਕੂਕਿਆਂ ਬਾਰੇ ਤੇ ਯਾਰਵੇਂ ਬਾਰਵੇਂ ਸਤਿਗੁਰਾਂ ਬਾਬਤ ਗਿਆਨੀ ਜੀ ਦੀ ਧੌਜ ਪਰਤੀਤ ਦਸਦੀ ਹੈ। ਉਸ ਦਾ ਭੀ ਪਾਠਕਾਂ ਨੂੰ ਪਤਾ ਮਿਲ ਜਾਵੇ ।

ਰਤਨ ਸਿੰਘ ਸੰਤ ਨਗਰ

ਗਿਆਨੀ ਊਧਮ ਸਿੰਘ ਜੀ (ਨਵੀਂ ਦਿਲੀ) ਲਾਜਪਤ ਨਗਰ, ਸਚਾ ਗੁਰੂ, ਪੁਸਤਕ ਦੇ ੧੭੨ ਪੰਨੇ ਤੇ ਗੁਰ ਸਮਰੱਥਾ ਦੱਸਦੇ ਲਿਖਦੇ ਹਨ।

ਦਸਵੇਂ ਜਾਮੇ ਵਿਚ ਹਜ਼ੂਰ ਨੇ ਦਯਿਆ ਰਾਮ, ਧਰਮ ਦਾਸ, ਮੁਹਕਮ ਚੰਦ, ਹਿੰਮਤ ਰਾਏ ਤੇ ਸਾਹਿਬ ਚੰਦ ਨੂੰ ਤੇਗ ਦੀ ਧਾਰ ਦੇ ਘਾਟ ਉਤਾਰ ਕੇ ਫਿਰ ਸੁਰਜੀਤ ਕਰ ਦਿਤਾ ਸੀ ਨਾਮ ਬਕਤੀ ਦੁਆਰਾ ।

ਇਸ ਤਰਾਂ ਦੇ ਸਚੇ ਗੁਰੂ ਦੇ ਕਾਰਨਾਮਿਆਂ ਨਾਲ ਇਤਿਹਾਸ ਭਰਿਆ ਪਿਆ ਹੈ।

ਭਾਈ ਉਤਮ ਸਿੰਘ ਜੀ 'ਤੇਜ' ਅੰਮ੍ਰਿਤਸਰੀ ਇਸੇ ਬਾਰੇ ਲਿਖਦੇ ਹਨ ਤੇ ਜੋ ਉਹਨਾਂ ਮੇਰੇ ਪੁਛਨ ਤੇ ਉੱਤਰ ਦਿਤਾ।

ਮੈਂ ਉਤਮ ਸਿੰਘ ਜੀ ਨੂੰ ਮਾਈ ਸੇਵਾਂ ਦੇ ਬਜ਼ਾਰ ਵਿਚ ੨੦੧੬ ੧੨ ਚੇਤਰ ਨੂੰ ਮਿਲਿਆ ਤੇ ਕਿਹਾ ਜੋ ਇਤਿਹਾਸਕਾਰਾਂ ਸਿਖੀ ਸਾਜਨ ਸਮੇਂ ਗੁਰੂ ਸਾਹਿਬ ਵਲੋਂ ਬਕਰੇ ਮਾਰੇ ਲਿਖੇ ਹਨ ਇਸ ਬਾਬਤ ਆਪ ਦੀ ਕੀ ਰਾਏ ਹੈ, ਤਾਂ ਆਪ ਤੁਰਤ ਉਤਰ ਦਿਤਾ। ਐਵੇਂ ਮਨ ਮਰਜ਼ੀ ਦੇ ਗਪੌੜੇ ਮਾਰੇ ਹਨ। ਸਚੇ ਗੁਰੂ ਜੀ ਨੂੰ ਐਸੇ ਪਾਖੰਡ ਪਰਪੰਚ ਦਾ ਕਰਤਾ ਕੌਣ ਮੰਨ ਸਕਦਾ ਏ । ਭਾਵੇਂ ਭੁਲ ਵਿਚ ਪੈ ਲਿਖਾਰੀਆਂ ਇਸ ਪਰਸੰਗ ਨੂੰ ਆਪਣੇ ਕਿਸੇ ਮਿਤਲਬ ਨੂੰ ਸਿਧ ਕਰਨ ਲਈ ਲਿਖ

ਮਾਰਿਆ ! ਮੈਨੂੰ ਇਹ ਆਪ ਜੀ ਦਾ ਕਹਿਣਾ ਸੁਣਦਿਆਂ ਬਿਜਲੀ ਬਾਲ ਦੇ ਹੋਲੇ ਤੇ ਬਿਕ੍ਰਮੀ ੧੯੯੦ਮਰਜੀਆਂ ਵਲੋਂ ਕਹਿਣਾ ਚੇਤੇ ਆ ਗਿਆ ਕਿ ਗੁਰੂ ਗੋਬਿੰਦ ਸਿੰਘ ਬਾਹਰ ਸਿਖਾਂ ਦੇ ਸਿਰ ਮੰਗੇ ਤੇ ਅੰਦਰ ਬਕਰੇ ਝਟਕਾਏ ਲਿਖੇ ਹਨ ਉਹ ਕਦੋਂ ਸਚਾ ਗੁਰੂ ਸੀ ਤੇ ਸੰਤ ਭਗਤ ਸਿੰਘ ਜੀ ਦਾਤੇਵਾਲ ਜੀ ਦਾ ਉਤਰ ਕਿ ਭੰਗਾਂ ਪੀਣ ਵਾਲਿਆਂ ਤੇ ਫੀਮ ਖਾਣ ਵਾਲਿਆਂ ਤੇ ਮਾਸ ਖਾਣ ਵਾਲਿਆਂ ਗੁਰੂ ਜੀ ਬਾਬਤ ਇਸ ਤਰਾਂ ਦੇ ਗਲਤ ਪਰਸੰਗ ਲਿਖ ਮਾਰੇ ਹੋਏ ਹਨ। ਅਸੀਂ ਗੁਰਬਾਣੀ ਆਸ਼ੇ ਦੇ ਕਾਇਲ ਹਾਂ ਕਦੀ ਉਹਨਾਂ ਦੇ ਆਖੇ ਲਗ ਗੁਰਮਤ ਤੋਂ ਉਲਟ ਨਹੀਂ ਮੰਨਦੇ।

ਜਦ ਗਰੰਥ ਸਾਹਿਬ ਚਿ ਵਾਕ ਹੈ 'ਜਿਨ ਮਨ ਹੋਰ ਮੁਖ ਹੋਰ ਸੇ ਕਾਂਢੇ ਕਚਿਆ ਤੇ ਦਸਮ ਚਿ ਹਮੂੰ ਮਰਦ ਬਾਇਦ ਸ਼ਵੱਦ ਸੁਖਨਵਰ। ਨ ਸ਼ਿਕਮੇ ਦਿਗਰ ਦਰਦਿਹਾਨੇ ਦਿਗਰ' ਗੁਰਵਾਕ ਹੈ।

(ਭਾਵ) ਕਿ ਸਚੇ ਪੁਰਖਾਂ ਦੇ ਮੁਖ ਮਨ ਚਿ ਹੋਰ ਹੋਰ ਨਹੀਂ ਹੁੰਦਾ ਜਿਨ੍ਹਾਂ ਦੇ ਹੁੰਦਾ ਹੈ ਉਹ ਮਨ ਹੋਰ ਮੁਖ ਹੋਰ ਉਹ ਕਚੇ ਹੁੰਦੇ ਹਨ। ਸਚੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਹਿਆ ਸੋ ਕੀਤਾ ਤੇ ਕਰ ਵਿਖਾਇਆ ਸੀ। ਇਸੇ ਲਈ ਕਿਸੇ ਮਹਾਂ ਪੁਰਖ ਕਿਹਾ ਹੈ:

ਕਵੀਅਨ ਕੀ ਜੋ ਕਥਾ ਹੈ ਨਹੀਂ ਸਰਬ ਦਾ ਸਤ।
ਤਾਹਾਂ ਤਲਕ ਸਾਚੀ ਲਖੋ ਜੋ ਗੁਰੂਅਨ ਕੇ ਮਤ।

ਇਹ ਸੁਣ ਭਾਈ ਮਰਜਈ ਨਿਰਉਤਰ ਹੋ ਗਿਆ ਸੀ, ਜਿਵੇਂ ਤਿਵੇਂ ਮੈਨੂੰ ਮੇਰੇ ਮਤਲਬ ਸਚੇ ਮਤ ਦੀ ਇਕ ਹੋਰ ਸ਼ਹਾਦਤ ਮਿਲ ਗਈ ਤੇ 'ਤੇਜ' ਜੀ ਨੇ ਆਪਣੀ ਲਿਖੀ ਪੁਸਤਕ 'ਤੇਜ਼ ਧਾਰਾ' ਮੈਨੂੰ ਦਿਤੀ ਤੇ ਕਿਹਾ ਇਸ ਚਿ ਵੇਖ ਲੋ ਮੇਰਾ ਕੀ ਨਿਸਚਾ ਹੈ ਉਸ ਚੋਜ ਬਾਰੇ।

'ਖਾਲਸੇ ਦਾ ਜਨਮ' ਤੇਜ ਜੀ ਲਿਖਦੇ ਹਨ:

ਵੇਖ ਚੰਡਕਾ ਲਿਸ਼ਕਦੀ ਤਖਤ ਉਤੇ,

Sri Satguru Jagjit Singh Ji Elibrary NamdhariElibrary@gmail.com

ਅੱਖਾਂ ਬੰਦ ਹੋਈਆਂ ਝੂਠੇ ਪਾਜ ਦੀਆਂ ।

ਸੁਣਦੇ ਸਾਰ ਹੀ ਤਲੀਆ ਤੇ ਸਿਰ ਧਰ ਲੈ,
ਇਹ ਸਨ ਸ਼ਕਤੀਆਂ ਉਸ ਅਵਾਜ਼ ਦੀਆਂ ।

ਬਾਟੇ ਵਿਚ ਦਾਤੇ ਖੰਡਾ ਫੇਰਿਆ ਕੀ,
ਨਵੀਂ ਰੂਹ ਫੂਕੀ ਅੰਮ੍ਰਿਤ ਗਿਆਨ ਦਿਤਾ।

ਸ਼ਕਤੀ ਨਾਲ ਪੈਦਾ ਕਰਕੇ ਪੰਜ ਪਿਆਰੇ,
ਉਹਨਾਂ ਪੰਜਾਂ ਨੂੰ ਇਕ ਨਿਸ਼ਾਨ ਦਿਤਾ

ਤੇ ਅਗੇ ਜਾਕੇ ਇਸ ਪੋਥੀ ਦੇ ੬੦ ਪੰਨੇ ਤੇ ਲਿਖਦੇ ਹਨ :

ਜਿਹੜੇ ਜੋੜ ਲਓ ਮੇਲਕੇ ਕਦਮ ਚਲੇ,
ਧੌਣਾਂ ਪੰਥ ਲਈ ਤਲੀਆਂ ਤੇ ਧਰੇ ਸਾਰੇ।

ਅੰਮ੍ਰਿਤ ਸਾਂਝ ਦਾ ਪੀਕੇ ਰਵੇ ਜਿਊਂਦੇ,
ਪਵੇ ਲੋੜ ਤੇ ਹਸ ਕੇ ਮਰੇ ਸਾਰੇ।

੧੨੭ ਪੰਨੇ ਤੇ ਫੇਰ ਲਿਖਦੇ ਹਨ :

ਲਾਹ ੨ ਧੌਣਾਂ ਨਾਲ ਤੇਗ ਦੇ ਖਾਲਸਾ ਪੰਥ ਸਜਾਇਆ।

ਉਪਰ ਲਿਖੇ ਤੋਂ ਸਾਫ ਸਿਧ ਹੈ ਬਕਰੇ ਨਹੀਂ ਸਨ ਮਾਰੇ। ਸਿਖਾਂ ਦੇ ਸਿਰ ਉਤਾਰ ਸੁਰਜੀਤ ਕੀਤੇ ਸੀ ਤੇ ਅੰਮ੍ਰਿਤ ਸਾਂਝ ਦਾ ਪੀਕੇ ਤੋਂ ਭਾਵ ਸਿਰ ਧੜ ਦੀ ਸਾਂਝ ਭੀ ਕੀਤੀ ਸੀ। ਦੂਏ ਨਾਲ ਦੂਆ ਸਿਰ ਜੋੜਿਆ ਸੀ।

(ਇਸੇ ਨਿਰਨੇ ਦੀ ਸਿਧੀ ਬਾਰੇ) ੨ ਚੇਤਰ ੨੦੧੬ ਹੋਲੇ ਦੇ ਦੀਵਾਨ ਚਿ ਗੰਗਾ ਨਗਰ ਜ਼ਿਲੇ ਚਿ ਪ੮ ਆਰਬੀ ਚਿ (ਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਨੇ ਸੰਗਤਾਂ ਪ੍ਰਤੀ ਉਪਦੇਸ਼ ਦੇਂਦਿਆਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਿਰਨਾਂ ਤੇ ਉਪਦੇਸ਼ ਦਸਿਆ।

ਸਤਿਗੁਰੂ ਪਰਤਾਪ ਸਿੰਘ ਜੀ ਕਿਹਾ ਕਰਦੇ ਸੀ ਕਿ ਇਕ ਮੁਸਲਮਾਨ ਦੀ ਡਾਇਰੀ ਤੋਂ ਸਾਬਤ ਹੋਇਆ ਹੈ ਜੋ ਉਸ ਵਕਤ ਔਰੰਗਜ਼ੇਬ ਦਾ ਭੇਜਿਆ ਭੇਤ ਲੈਣ ਲਈ ਅਨੰਦਪੁਰ ਸਾਹਿਬ ਆਇਆ

ਹੋਇਆ ਸੀ ਕਿ ੧੭੫੬ ਬਿ: ਵੈਸਾਖੀ ਵਾਲੇ ਦਿਨ ਅਜ ਗੁਰੂ ਜੀ ਇਹ ਮੋਜਜਾ ਕੌਤਕ ਕੀਤਾ ਹੈ। ਪੰਜਾਂ ਸਿਖਾਂ ਦੇ ਸਰੇ ਮੈਦਾਨ ਸਿਰ ਵਢੇ ਹਨ ਤੇ ਬਿਨਾਂ ਪਛਾਨ ਜੋ ਸਿਰ ਜਿਸ ਤੇ ਚਾਹਿਆ ਜੋੜ ਆਪਣੇ ਕੋਲੋਂ ਅੰਮ੍ਰਿਤ ਬਣਾਇਆ ਛਿੜਕ ਛਕਾ ਸੁਰਜੀਤ ਕੀਤੇ ਹਨ। ਗੁਰੂ ਜੀ ਦਸਿਆ ਜਿਵੇਂ ਬੇਰ ਪਿਉਂਦ ਕੀਤਿਆਂ ਸਕਤ ਫਲ ਸੁਆਦ ਵਧ ਜਾਂਦੇ ਹਨ। ਠੀਕ ਤਿਵੇਂ ਹੀ ਹੋਇਆ ਤੇ ਪਿਉਂਦ ਜਿਵੇਂ ਹੁੰਦੀ ਹੈ ਕਿ ਹੋਰ ਡਾਲ ਨੂੰ ਹੋਰ ਡਾਲ ਦਾ ਜੋੜ ਲਾਇਆ ਜਾਂਦਾ ਹੈ। ਠੀਕ ਤਿਵੇਂ ਹੀ ਦਸਮੇਸ਼ ਜੀ ਨੇ ਸਿਖ ਪੰਥ ਦੀ ਸਾਜਨਾ ਸਮੇਂ ਕਾਰ ਕੀਤੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਕਿਹਾ ਕਰਦੇ ਸੀ। ਸਚੇ ਸਤਿਗੁਰੂ ਜੀ ਦੀ ਰਸਨਾਂ ਦੇ ਵਾਕਾਂ ਤੋਂ ਉਤੇ ਗੁਰਸਿਖਾਂ ਲਈ ਹੋਰ ਵਡਾ ਕੋਈ ਸਬੂਤ ਨਹੀਂ। ਜੋ ਪਿਛੇ ਦਸੇ ਜਾ ਚੁਕੇ ਹਨ ਤੇ ਦਸਿਆ ਜਾ ਚੁਕਾ ਹੈ। ਜਿਸ ਨੂੰ ਸੁਣ ਹਿਸਟੋਰੀਅਨ ਗੰਡਾ ਸਿੰਘ ਜੀ ਕੇਵਲ ਹੋਏ ਭੀ ਮੋਨ ਚੁਪ ਕਰ ਜਾਂਦੇ ਹਨ ਤੇ ਸਤਿਗੁਰੂ ਜੀ ਵਲੋਂ ਸਤਿਗੁਰੂ ਜੀ ਦੇ ਕੀਤੇ ਅਦਭੁਤ ਕੌਤਕ ਸ਼ਕਤ ਕਾਰਨ ਸਵੀਕਾਰ ਕਰਦੇ ਹਨ।

ਮੈਂ ਜਿਸ ਵਿਧੀ ਲਈ ਜੋ ਕੁਝ ਲਿਖਿਆ ਹੈ। ਜੇ ਪਾਠਕਾਂ ਨੂੰ ਅੰਤ੍ਰ ਆਤਮੇ ਗੁਰੂ ਸਾਹਿਬ ਜੀ ਦੇ ਇਸ ਚੋਜ ਤੇ ਕੁਝ ਪਰ ਦਾ ਜਾਪੇ ਤਾਂ ਉਹ ਗੁਰੂ ਅਰਜਨ ਦੇਵ ਜੀ ਦੇ ਚਉ ਬੋਲੇ ਗੁਰਵਾਕ ਜੋ ਉਹਨਾਂ ਸੰਮਨ ਤੇ ਮੂਸਨ ਪ੍ਰਥਾਇ ਮੁਖ ਰਖ ਉਚਰੇ ਹਨ। ਪੜ੍ਹ ਤਸੱਲੀ ਕਰ ਲੈਣ ਗੁਰੂ ਜੀ ਲਿਖਦੇ ਹਨ।

ਸੰਮਨ ਜਉ ਇਸ ਪਰੇਮ ਕੀ ਦਮ ਕਿਉ ਹੋਤੀ ਸਾਟ। ਰਾਵਨ ਹੁੰਤੇ ਰੰਕ ਨਹਿ ਜਿਨਿ ਸਿਰ ਦੀਨੇ ਕਾਟ। ਭਾਵ ਸਿਰ ਕਟ ਕੇ ਦੇਣਾ ਹੀ ਪੈਂਦਾ ਹੈ। ਇਸ ਪਰੇਮ ਪੰਥ ਵਿਚ ਜੋ ਸੰਮਨ ਦਾ ਸਿਰ ਪੜਦੇ ਵਿਚ ਨਹੀਂ ਜੋੜਿਆ ਤੇ ਰੋਟਾ ਮਿਠਾ ਪੜਦੇ ਵਿਚ ਨਹੀਂ ਕੀਤਾ ਤਾਂ ਇਹ ਚੋਜ ਭੀ ਗੁਰੂ ਜੀ ਕਿਉਂ ਪੜਦੇ ਵਿਚ ਕਰਦੇ। ਪੜਦਾ ਮਦਾਰੀ ਦਾ ਖੇਲ ਹਥ ਫੇਰੀ ਦਾ ਭੁਲੇਖਾ ਹੁੰਦਾ ਹੈ। ਤਾਂ ਤੇ ਸਿਧ ਹੈ ਗੁਰੂ ਜੀ ਸਰੇ ਮੈਦਾਨ ਸਿਰ ਕਟੇ ਤੇ ਅੰਮ੍ਰਿਤ ਸ਼ਕਤ ਨਾਲ ਸੁਰਜੀਤ ਕੀਤੇ ਹਨ।

Sri Satguru Jagjit Singh Ji Elibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦ ॥

# ਤੀਜਾ ਨਿਰਨਾ

ਹੁਣ ਮੈਂ (ਕਤਕ ਕਿ ਵੈਸਾਖ) ਦਾ ਨਿਰਨਾਂ ਤੇ ਅਸਲੀਅਤ ਲਿਖਦਾ ਹਾਂ। ਇਹ ਕਤਕ ਕਿ ਵੈਸਾਖ ਨਾਮੀ ਇਕ ਪੁਸਤਕ ਭਾਇ ਕਰਮ ਸਿੰਘ ਜੀ ਹਿਸਟੋਰੀਅਨ ਨੇ ਸਿੰਘ ਸਭਾ ਮਤ ਦੇ ਅਧੀਨ ਇਸ ਮਤਲਬ ਲਈ ਲਿਖੀ ਕਿ ਜੋ ਸਿਖ ਗੁਰੂ ਨਾਨਕ ਜੀ ਦੀ ਭਾਈ ਬਾਲੇ ਵਾਲੀਸਾਖੀ ਚਿ ਅਜਿਤੇ ਰੰਧਾਵੇ ਦੀ ਗੋਸ਼ਤ ਵਿਚ ਗੁਰੂ ਨਾਨਕ ਜੀ ਵਲੋਂ ਸੱਤਰ ਜਾਮੇ ਭਗਤ ਜਨ ਚੋਦਾਂ ਸਤਿਗੁਰ ਰਾਇ। ਗੁਰਮੁਖਿ ਹੋਇ ਸੋ ਮਿਲ ਰਹੇ ਮਨਮੁਖ ਲਹੇ ਸਜਾਇ। ਵਾਕ ਤੇ ਜੋ ਬਾਰਵਾਂ ਜਾਮਾ ਹੋਵੇਗਾ ਸੋ ਸਭ ਤੋਂ ਨਿਰਲੰਬ ਤੇ ਨਿਆਰਾ ਹੋਵੇਗਾ। ਆਦਿ ਵਾਕ ਜਿਸ ਵਿਚ ਆਉਂਦੇ ਹਨ। ਜਿਸ ਨੂੰ ਸੁਣ ਮੰਨ ਸਿਖ ਤੇ ਲੋਕ ਬਾਰਵੇਂ ਜਾਮੇ ਸਤਿਗੁਰੂ ਰਾਮ ਸਿੰਘ ਜੀ ਤੇ ਨਿਸਚਾ ਕਰ ਗੋਰੇਸ਼ਾਹੀ ਦੇ ਉਲਟ ਆਜ਼ਾਦੀ ਦੀ ਲਹਿਰ ਚਲਾਈ ਚਿ ਰਲਦੇ ਹਨ ਤੇ ਗੋਰੇਸ਼ਾਹੀ ਨੂੰ ਖਤਮ ਕਰਨਾ ਚਾਂਹਦੇ ਹਨ ਤੇ ਨਾ-ਮਿਲਵਰਤਨ ਹਰ ਤਰਾਂ ਬਦੇਸ਼ੀਆਂ ਨਾਲ ਕਰਦੇ ਹਨ। ਉਸ ਬਾਰਵੇਂ ਸਤਿਗੁਰੂ ਜੀ ਨੂੰ ਫਿਲਿਆਂ ਵਲੋਂ ਬਦੇਸ਼ ਭੇਜ ਸੰਮਤ ੧੯੨੯ ਚਿ ਬਾਦ ਫਿਲਿਆਂ ੧੯੨੯ ਚਿ ਆਪਣੇ ਵਲੋਂ ਸੋਚ ਸਕੀਮ ਘੜ ਮੈਕਾਲਫ ਜਿਹਾਂ ਨੂੰ ਵਿਚ ਪਾ ਸਿੰਘ ਸਭਾ ਬਣਾਈ। ਤੇ ਗਰੰਥ ਗੁਰ ਦਾ ਪਰਚਾਰ ਚਾਲੂ ਕੀਤਾ ਕਿ ਸਿਖ ਪੰਥ ਚਿ ਏਦੂੰ ਅਗੋ ਸਾਖਿਆਤ ਗੁਰੂ ਦੇਹਧਾਰੀ ਨੂੰ ਨ ਮੰਨਣ ਦਾ ਮਤ ਜਾਰੀ ਕੀਤਾ ਜਾਵੇ। ਜੇ ਨ ਐਸਾ ਹੋਇਆ ਤਾਂ ਜਿਵੇਂ ਦਸਮ ਜੀ ਨੇ ਔਰੰਗਜ਼ੇਬੀ ਹਕੂਮਤ

ਤਖਤਾ ਉਲਟਿਆ ਸੀ ।

ਤੇ ਜਿਵੇਂ ਸਤਿਗੁਰੂ ਰਾਮ ਸਿੰਘ ਜੀ ਭੀ ਗੋਰੇਸ਼ਾਹੀ ਦਾ ਤੁਖਤਾ ਉਲਟਾਣ ਤੇ ਸਿਖ ਪੰਥ ਨੂੰ ਲਾ ਦਿਤਾ ਮਤ ਕਿਤੇ ਫੇਰ ਨ ਐਸਾ ਹੋਵੇ। ਐਸਾ ਮਤ ਫੇਰੋ ਕਿ ਨ ਫਿਰ ਤੇ ਸਿਖ ਨਿਸਚਾ ਕਰਨ ਤੇ ਨ ਦੇਹਧਾਰੀ ਗੁਰੂ ਹੀ ਮੰਨਣ, ਕਿਉਂਕਿ ਇਕ ਦੀ ਕਮਾਨ ਤੇ ਦੇਹਧਾਰੀ ਦਾ ਹੀ ਕੰਮ ਹੈ, ਕੋਈ ਵੀ ਕੰਮ ਜਦੋਂ ਚਾਹੇ ਸਿਖ ਪੰਥ ਤੋਂ ਕਰਾ ਸਕਦਾ ਹੈ । ਐਸਾ ਗੁਰੂ ਥਾਪ ਦਸੋ ਜਿਸ ਦੇ ਕੋਲ ਕੁਝ ਕਰੀ ਜਾਵੇ, ਕੁਝ ਨ ਕਦੇ ਤੇ ਇਹ ਸਿਖ ਪੰਥ ਸਦਾ ਦੀ ਨੀਂਦਰੇ ਸੁਤਾ ਰਵੇ ਤੇ ਜੇ ਇਸ ਚੋਂ ਕੋਈ ਉਫ ਕਰੇ ਤਾਂ ਉਸ ਦੇ ਮੁਕਾਬਲੇ ਚਿ ਰੋਕ ਖੜੀ ਕੀਤੀ ਜਾ ਸਕੇ ।

ਏਸੇ ਨੀਯਤ ਨਾਲ ਸਾਡੇ ਭਾਈ ਸਿੰਘ ਸਭੀਆਂ ਨੇ ਗੋਰਿਆਂ ਦੇ ਆਸਰੇ ਸਭ ਜਤਨ ਕੀਤੇ ਤੇ ਸੋਚਿਆ ਜਿਵੇਂ ਕਿਵੇਂ ਬਾਰਵੇਂ ਗੁਰੂ ਦਾ ਨਾਮ ਦੱਸਨ ਵਾਲੀ ਸਾਖੀ ਤੇ ਸਾਖੀ ਕਰਤਾ ਨੂੰ ਹੀ ਝੂਠ ਸਾਬਤ ਕਰੋ । ਬਾਲਾ ਹੀ ਹੈ ਨਹੀਂ ਹੋਇਆ ਤੇ ਬਾਲੇ ਵਾਲੀ ਸਾਖੀ ਕੇਹੀ ਹੋਈ । (ਭਾਵ) ਨ ਹੋਵੇ ਬਾਂਸ ਤੇ ਨ ਵਜੇ ਬੰਸਰੀ ਤੇ ਏਸੇ ਲਈ ਉਹਨਾਂ ਨੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਭੀ ਲਿਖ ਅਰਿਆ ਹੈ ਗੁਰੂ ਨਾਨਕ ਦਾ ਜਨਮ ਪਹਿਲੀ ਵੈਸਾਖ ਦਾ ਕਿਉਂਕਿ ਸਿਖ ਸੰਗਤਾਂ ਦਾ ਭਾਈ ਗੁਰਦਾਸ ਜੀ ਵਾਂਗੂ ਭਾਈ ਮਨੀ ਸਿੰਘ ਜੀ ਤੇ ਭੀ ਬਹੁਤ ਨਿਸਚਾ ਹੈ। ਇਹਨਾਂ ਵਲੋਂ ਭੀ ਵੈਸਾਖ ਵਿਖਾ ਦਿਓ । ਜਿਵੇਂ ਆਗਿਆ ਭਈ ਵਾਲੇ ਦੋਹਰੇ ਪੰਥ ਪਰਕਾਸ਼ ਤੇ ਰਹਿਤਨਾਮਿਆਂ ਚਿ ਲਿਖ ਦਿਤੇ ਹਨ ਭਾਵੇਂ ਉਹ ਦਸਮ ਗਰੰਥ ਚਿ ਹੈ ਨਹੀਂ ।

ਪਰ ਗੁਰਸਿਖਾਂ ਨੂੰ ਵੈਸਾਖੀ ਨ ਜਚੀ ਤੇ ਕਤਕ ਪੂਰਨਮਾਸ਼ੀ ਹੀ ਪਰਵਾਨ ਰਹੀ, ਕਿਉਂਕਿ ਐਸਿਆਂ ਦੀ ਚਾਲੀ ਭਾਈ ਸੰਤੋਖ ਸਿੰਘ ਜੀ ਭੀ ਸੂਰਜ ਪਰਕਾਸ਼ ਚਿ ਦਸੀ ਹੋਈ ਸੀ ਤੇ ਸਤਿਗੁਰੂ ਪਰਤਾਪ

Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਭੀ ਨਾਲੋ ਨਾਲ ਸਿਖ ਸੰਗਤਾਂ ਨੂੰ ਸੁਚੇਤ ਹਰ ਗਲਤੀ ਵਲੋਂ ਕਰਦੇ ਕਰਾਂਦੇ ਰਹੇ ਹਨ।

ਇਸੇ ਕਤਕ ਕਿ ਵੈਸਾਖ ਪੁਸਤਕ ਦੇ ਮੁਢਲੇ ਪਤ੍ਰਿਆਂ ਤੇ ਗਿਆਨੀ ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼ ਵਲੋਂ ਲਿਖਿਆ ਹੋਇਆ ਹੈ ਕਿ ਇਸ ਦੇ ਲਿਖਣ ਦਾ ਫੈਦਾ ਤਾਂ ਕੁਝ ਨਹੀਂ। ਤੇ ਪੰਥ ਚਿ ਰੌਲਾ ਘਚੋਲਾ ਪੈਜਾਣ ਦਾ ਡਰ ਹੈ ਤੇ ਜੋ ਅਖਦੇ ਹੋ ਭਾਈ ਗੁਰਦਾਸ ਨੇ ਬਾਲੇ ਦਾ ਨਾਮ ਨਹੀਂ ਲਿਖਿਆ। 'ਗੁਰਮੁਖਿ ਬਾਲ ਸੁਭਾਇ ਉਦਾਸੀ ਹੈ'। ਛੰਦ ਚਿ ਲਘੂ ਦੀਰਘ, ਦੀਰਘ, ਲਘੂ ਵਰਤਿਆ ਜਾਂਦਾ ਹੈ। ਡੇਢ ਸਫੇ ਚਿ ਗਿਆਨੀ ਜੀ ਚੰਗਾ ਉਸ ਕਤਕ ਕਿ ਵੈਸਾਖ ਦੀ ਪੁਸਤਕ ਦਾ ਖੰਡਨ ਕੀਤਾ ਹੋਇਆ ਹੈ। ਦੇਖੋ ਗੁਰੂ ਪਦ ਪ੍ਰਕਾਸ਼ ਹਿਸਾ ਤੀਜਾ ਵਲੋਂ ਸੰਤ ਨਿਧਾਨ ਸਿੰਘ ਜੀ ਆਲਮ (ਪੰਨਾ ੧੧ ਤੋਂ ੧੨ ਤਕ)।

ਸੋ ਉਹ ਗੋਰੇ ਆਪਣੇ ਵਲੋਂ ਚਲਾਏ ਮਤ ਦੇ ਆਸਰੇ ਚੋਖੋ ਸਾਲ ਹਿੰਦੁਸਤਾਨ ਚਿ ਰਹਿ ਗਏ, ਪਰ ਅੰਤ ਬਾਰਵੇਂ ਗੁਰੂ ਦੀ ਚਲਾਈ ਆਜ਼ਾਦੀ ਦੀ ਲਹਿਰ ਨੇ ਗੋਰਿਆਂ ਨੂੰ ਵਾਪਸ ਲੰਡਨ ਭੇਜ ਆਪਣਾ ਦੇਸ ਆਜ਼ਾਦ ਕਰਾ ਹੀ ਲਿਆ।

ਕਰਮ ਸਿੰਘ ਜੀ ਨੇ ਉਸ ਕਿਤਾਬ ਚਿ ਇਹ ਖੋਜ ਦਾ ਜ਼ੋਰ ਲਾਇਆ ਹੈ ਕਿ ਨ ਕੋਈ ਬਾਲਾ ਹੋਇਆ ਹੈ ਨ ਕਤਕ ਚਿ ਗੁਰ ਨਾਨਕ ਦਾ ਪਰਕਾਸ਼ ਹੋਇਆ ਹੈ। ਸਿੰਘ ਸਭਾ ਦੇ ਪੈਰੋਕਾਰਾਂ ਉਸ ਸਮੇਂ ਤੋਂ ਪਿਛੋਂ ਕਤਕ ਦੇ ਥਾਂ ਗੁਰ ਨਾਨਕ ਬਾਬਤ ਵੈਸਾਖ ਹੀ ਲਿਖਿਆ ਹੈ। ਪਰ ਕਤਕ ਦੀ ਪੂਰਨਮਾਸ਼ੀ ਪਰਤ ਨਹੀਂ ਸਕੀ ਤੇ ਬਾਲੇ ਵਾਲੀ ਸਾਖੀ ਤੇ ਬਾਲਾ ਕੋਈ ਹੋਇਆ ਹੀ ਨਹੀਂ, ਨਾ ਹੀ ਸਾਬਤ ਹੋ ਸਕੇ ਹਨ ਹੁਣ ਤਕ। ਮੈਂ ਹੁਣ ਆਪਣੇ ਮੁਢਲੇ ਆਸ਼ੇ ਵਲ ਔਂਦਾ ਹਾਂ।

ਉਸ ਬਾਲੇਵਾਲੀ ਸਾਖੀ ਚਿ ਗੁਰੂ ਨਾਨਕ ਦਾ ਪ੍ਰਕਾਸ਼ ਦਿਨ

Sri Satguru Jagjit Singh Ji Elibrary NamdhariElibrary@gmail.com

ਕਤਕ ਦੀ ਪੂਰਨਮਾਸ਼ੀਹੀ ਲਿਖਿਆ ਤੇ ਸੂਰਜਪ੍ਰਕਾਸ਼ ਤੇ ਪੰਥਪ੍ਰਕਾਸ਼ਵਿਚ ਕਤਕ ਦੀਪੂਰਨਮਾਸ਼ੀ ਹੀ ਲਿਖਿਆ ਹੈਤੇ ਜਗਤ ਪ੍ਰਸਿਧ ਭੀ ਵਿਹੋਦਿਵਸ ਚਲਿਆ ਆ ਰਿਹਾ ਹੈ। ਨਨਕਾਣੇ ਸਾਹਿਬ ਤੋਂ ਲੈ ਸੁਹੇਵੇ ਸਾਹਿਬ ਤੋਂ ਹਜ਼ੂਰ ਸਾਹਿਬ ਤਕ ਸਭ ਗੁਰ ਸਥਾਨਾਂ ਤੇ ਕਤਕ ਦੀ ਪੂਰਨਮਾਸ਼ੀ ਹੀ ਗੁਰ ਨਾਨਕ ਪ੍ਰਕਾਸ਼ ਦਾ ਦਿਨ ਮਨਾਇਆ ਜਾਂਦਾ ਹੈ। (ਸਤਿਗੁਰ ਪਰਤਾਪ ਸਿੰਘ ਜੀ) ਨਾਮਧਾਰੀ ਇਤਿਹਾਸ ਸ: ਨਾਹਰ ਸਿੰਘ ਜੀ ਐਮ. ਏ. ਦੇ ਵਿਚ ਗੁਰੂ ਜੀ ਬਾਰਤ ਵੈਸਾਖ ਲਿਖਿਆ ਪਤ੍ਰ ਮੇਰੇ ਕੋਲੋਂ ਲਿਖਵਾ ਭੇਜਿਆ ਸੀ ਤੇ ਸ: ਜੀ ਨੂੰ ਜ਼ਬਾਨੀ ਭੀ ਮਨਾ ਲਿਆ ਸੀ ਕਿ ਏਦੂੰ ਅਗੇ ਮੈਂ ਕਤਕ ਹੀ ਲਿਖਾਂਗਾ ਜੋ ਪਤ੍ਰ ਮੇਰੇ ਕੋਲੋਂ ਲਿਖਵਾ ਸਤਿਗੁਰੂ ਜੀ ਨੇ ਨਾਹਰ ਸਿੰਘ ਜੀ ਨੂੰ ਭੇਜਿਆ ਉਹ ਇਹ ਸੀ।

ਭਾਈ ਨਾਹਰ ਸਿੰਘ ਜੀ, ਭਾਈ ਗੁਰਦਾਸ ਜੀ ਜੋ ਪੰਜਵੀਂ ਤੇ ਛੇਵੀਂ ਪਾਤਸ਼ਾਹੀ ਦੇ ਸਮੇਂ ਦੇ ਪ੍ਰਵਾਨ ਸਿਖ ਸਨ ਤੇ ਜਿਨ੍ਹਾਂ ਦੀ ਬਾਣੀ ਸਿਖ ਪੰਥ ਗਰੰਥ ਸਾਹਿਬ ਦੀ ਕੁੰਜੀ ਮੰਨਦਾ ਹੈ। ਉਹਨਾਂ ਨੇ ਗੁਰ ਨਾਨਕ ਜੀ ਦਾ ਪ੍ਰਕਾਸ਼ ਦਿਨ ਕਤਕ ਦੀ ਪੂਰਨਮਾਸ਼ੀ ਹੀਮੰਨਿਆ ਹੈ ਤੇ ਕਬਿਤਾਂ ਵਿਚ ਸਾਫ ਲਿਖਿਆ ਹੈ ਜੋ ਇਸ ਤਰਾਂ ਹੈ ਦੇਖ ਲਵੋ।

ਕਾਰਤਕਮਾਸ ਰੁਤਿ ਸਰਦ ਪੂਰਨਮਾਸੀ,
ਆਠ ਜਾਮ ਸਾਠ ਘਰੀ ਆਜ ਤੇਰੀ ਬਾਰੀ ਹੈ।
ਔਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੈ,
ਰੂਪ ਗੁਨ ਜੋਬਨ ਸੀਗਾਰ ਅਧਿਕਾਰੀ ਹੈ।
ਚਾਤ੍ਰ ਚਤੁਰ ਪਾਠ ਸੇਵਕ ਸਹੇਲੀ ਸਾਠ,
ਸੰਪਤਾ ਸਮਗ੍ਰੀ ਸੁਖ ਸਹਿਜ ਸੁਚਾਰੀ ਹੈ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ,
ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ। (੩੪੫)
ਦਿਨ ਕਰ ਕਿਰਨ ਸੁਹਾਤ ਸੁਖਦਾਈ ਅੰਗ,

ਰਚਤ ਸ਼ਿੰਗਾਰ ਅਭਰਨ ਸਖੀਆਦਿਕੈ ।
ਪ੍ਰਿਥਮ ਅਬ੍ਹਟਨਾਂ ਕੈ ਸੀਸ ਮੈ ਮਹੈਨੀ ਮੇਲ,
ਮਜਨ ਉਸਨ ਜਲ ਨਿਰਮਲ ਭਾਇ ਕੈ ।
ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ,
ਅੰਗ ਅਗਰਜਾ ਲੇਪ ਹੋਤ ਉਪਜਾਇ ਕੈ ।
ਚੀਰ ਚਾਰ ਦਰਪਨ ਮਧਿ ਆਪਾ ਆਪ ਚੀਨ,
ਬੈਠਿ ਪਰਜੰਕ ਪਰਬ੍ਯਾਵਰੀਨ ਧਾਇ ਕੈ (੩੪੬)
ਕੇਕਹੀ ਦੇ ਮਾਂਗ ਉਰਝਾਏ ਸੁਰਝਾਏ ਕੇਸ,
ਕੁੰਕਮ ਚੰਦਨ ਕੈ ਤਿਲਕ ਦੈ ਲਿਲਾਰ ਮੈ ।
ਅੰਜਨ ਖੰਜਨ ਦ੍ਰਿਗ ਬੇਸਰ ਕਰਨ ਫੂਲ,
ਬਾਰੀ ਸੀਸ ਫੂਲ ਦੈ ਤਮੋਲ ਮੁਖ ਦਵਾਰ ਮੈ ।
ਕੰਠ ਸ੍ਰੀ ਕਪੋਤ ਮਰਕਤ ਔ ਮੁਕਤਾਹਲ,
ਬਰਨ ਬਰਨ ਫੂਲ ਸੋਭਾ ਉਰਹਾਰ ਮੈ ।
ਚਰਚਰੀ ਕੰਕਨ ਮੁਦ੍ਰਕਾ ਮਹਦੀ ਬਨੀ,
ਅੰਗੀਆ ਅਨੂਪ ਛੁਦ੍ਰ ਪੀਠ ਕਟ ਧਾਰ ਮੈ ।(੩੪੭)
ਸੋਭਿਤ ਸਰਦਨਿਸ ਜਗਮਗ ਜੋਤਿ ਸਸਿ,
ਪ੍ਰਿਥਮ ਸਹੇਲੀ ਕਹੈ ਪ੍ਰੇਮ ਰਸ ਚਾਖੀਐ ।
ਪੂਰਣ ਕ੍ਰਿਪਾ ਕੈ ਤੇਰੇ ਆਏ ਹੈਂ ਕ੍ਰਿਪਾ ਨਿਧਾਨ,
ਮਿਲੀਐ ਨਿਰੰਤਰ ਹ੍ਵੈ ਅੰਤਰ ਨ ਰਾਖੀਐ ।
ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ,
ਮਨ ਮਧ ਕਰ ਸੁਖ ਸੰਪਟ ਅਭਿਲਾਖੀਐ ।
ਜੋਈ ਹੈ ਲਜਾਇ ਪੁਨ ਪਾਈਐ ਨ ਪਦਮ ਦੈ,
ਪਲਕ ਅਮੋਲ ਪ੍ਰਿਯ ਸੰਗ ਸੁਖ ਸਾਖੀਐ । (੩੪੮)

ਇਹ ਹਨ ਭਾਈ ਗੁਰਦਾਸ ਜੀ ਦੇ ਗੁਰ ਨਾਨਕ ਦੇਵ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ ਦਿਵਸ ਕਤਕ ਪੂਰਨਮਾਸ਼ੀ ਦੇ ਪਰਸਿਧ ਕਰਨ ਬਾਬਤ ਕਬਿੱਤ ਜਿਨ੍ਹਾਂ ਨੂੰ ਸਭ ਗੁਰੂ ਸਾਹਿਬਾਨ ਦੂਸਰੇ ਤੋਂ ਤੀਜੇ, ਚੌਥੇ।

(ਭਾਵ) ਪੰਚਮ ਤੇ ਛਤਮ ਤੋਂ ਲੈਕੇ ਸਤਿਗੁਰੂ ਪਰਤਾਪ ਸਿੰਘ ਜੀ ਤਕ ਮੰਨਿਆ ਹੈ। ਗੁਰਸਿਖਾਂ ਵਾਸਤੇ ਇਸ ਤੋਂ ਸਚੀ ਤੇ ਪਕੀ ਹੋਰ ਕਤਕ ਦੀ ਪੂਰਨਮਾਸ਼ੀ ਨੂੰ ਮੰਨਣ ਵਾਲੀ ਕੋਈ ਹੋਰ ਪੱਕੀ ਸ਼ਹਾਦਤ ਨਹੀਂ ਹੋ ਸਕਦੀ ਹੈ।

ਜੇ ਪਾਠਕਾਂ ਦੀ ਮੰਗ ਹੋਈ ਤਾਂ ਜਿਸ੨ ਗ੍ਰੰਥਕਾਰ ਜੀ ਨੇ ਭਾਈ ਗੁਰਦਾਸ ਜੀ ਵਾਂਗੂ ਗੁਰੂ ਨਾਨਕ ਜੀਦਾ ਪਰਕਾਸ਼ ਕਤਕ ਦੀ ਪੂਰਨਮਾਸ਼ੀ ਦਾ ਲਿਖਿਆ ਹੈ। ਉਹਨਾਂ ਦੀ ਸਾਰੀ ਦੀ ਸਾਰੀ ਉਹ ਲਿਖਤ ਲਿਖਾਂਗਾ। ਮੇਰੀ ਜਾਚੇ ਭਾਈ ਗੁਰਦਾਸ ਜੀ ਤੋਂ ਪਰਵਾਨ ਸ਼ਹਾਦਤ ਹੋਰ ਹੋਣੀ ਕਠਨ ਹੈ। ਕਿਉਂਕਿ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਜੀ ਦੇ ਹਜ਼ੂਰੀ ਸਿਖ ਤੇ ਆਪਣੀ ਰਚਨਾਂ ਗੁਰੂ ਜੀ ਨੂੰ ਸੁਨਾਣ ਵਾਲੇ ਜੇ ਹੋਏ ਹਨ ਤਾਂ ਇਕ ਭਾਈ ਗੁਰਦਾਸ ਜੀ ਹੀ ਹੋਏ ਹਨ। ਉਹਨਾਂ ਦੀ ਬਾਣੀ ਪੜਨ ਤੋਂ ਪਤਾ ਲਗਦਾ ਹੈ। ਪਹਿਲੋਂ ਉਹ ਲਿਖਦੇ ਹਨ ਜੋ ਗੁਰਸਾਂਗ ਵਰਤਆ ਸਿਖ ਸਿਦਕ ਨ ਹਾਰੇ ਤੇ ਜੇ ਰਗੜਾ ਲਗਦਾ ਹੈ ਤਾਂ ਫੇਰ ਨਿਮਰਤ ਹੋ ਲਿਖਦੇ ਹਨ ਸਾਂਗ ਅੰਦਰ ਸਾਬਤਾ ਜਿਸ ਗੁਰੂ ਸਹਾਏ ਤੇ ਜੇ ਮਾਂ ਪੁਤੇ ਵਿਸ ਦੇ ਤਿਸ ਕਉਣ ਪਿਆਰਾ। ਤੇ ਜੇ ਗੁਰੂ ਭਰਮਾਏ ਸਾਂਗ ਕਰ ਕਿਹਾ ਸਿਖ ਵਿਚਾਰਾ। ਲਿਖਿਆ ਪੜ੍ਹ ਪਰਤੀਤ ਹੁੰਦਾ ਹੈ। ਕਿ ਉਹ ਗੁਰੂ ਜੀ ਨੂੰ ਆਪਣੀ ਲਿਖਤ ਵਿਖਾਂਦੇ ਸੁਣਾਦੇ ਰਹੇ ਹਨ। ਇਸ ਗਲ ਦਾ ਇਤਿਹਾਸ ਭੀ ਸਬੂਤ ਦੇਂਦਾ ਹੈ ਤੇ ਦਲੀਲ ਭੀ ਮੰਨਦੀ ਹੈ।

ਜਿਸ ਭਾਈ ਚਾਰੇ ਨੇ ਜਨਮ ਸਾਖੀ ਭਾਈ ਬਾਲੇ ਵਾਲੀ ਵਿਚ ਸੱਤੂ ਜਾਮੇ ਭਗਤ ਜਨ ਹੋਦਾ ਸਤਿਗੁਰਰਾਏ ਤੁਕ ਬਦਲਕੇ ਚਹੱਤਰ ਜਾਮੇ ਭਗਤ ਜਨ ਦਸ ਹੈ ਸਤਿਗੁਰ ਰਾਏ ਲਿਖ ਦਿਤਾ ਹੈ। ਕਿਤੇ ਭਾਈ ਗੁਰਦਾਸ ਜੀ ਦੇ ਕਵਿਤਾਂ ਚਿ ਭੀ ਕਤਕ ਦੇ ਥਾਂ ਵੈਸਾਖ ਜੇ ਲਿਖ ਦੇਣ

ਤਾਂ ਪਾਠਕਾਂ ਨੂੰ ਪਤਾ ਰਵੇ ਅਸਲ ਪਾਠ ਕਿਸ ਤਰਾਂ ਹੈ।

ਭਾਈ ਚਾਰਾ ਤੇ ਗੁਰਬਾਣੀ ਤੇ ਭੀ ਚਹੁੰਦਾ ਸੀ ਮਨ ਮਰਜ਼ੀ ਵਰਤੀ ਜਾਵੇ ਜੋ ਨਹੀਂ ਵਰਤ ਸਕੇ ਤਾਂ ਰੁਕੇ। ਸਾਖੀਆਂ ਤੇ ਭਾਈ ਗੁਰਦਾਸ ਦੀ ਬਾਣੀ ਤੇ ਪੰਥ ਪ੍ਰਕਾਸ਼ ਨੂੰ, ਤਾਂ ਇਹਨਾਂ ਕੀ ਸਮਝਣਾ ਹੋਇਆ। ਇਹ ਏਥੇ ਮੇਰਾ ਹਾਲੇ ਵਿਸ਼ਾ ਨਹੀਂ ਫੇਰ ਲੇਖ ਪੇਸ਼ ਤੇ।

Sri Satguru Jagjit Singh Ji Elibrary NamdhariElibrary@gmail com

੧ ਓ ਸਤਿਗੁਰ ਪ੍ਰਸਾਦਿ ॥

# ਚੌਥਾ ਨਿਰਨਾ

ਇਸ ਨਿਰਨੇ ਵਿਚ ਆਪ ਨੂੰ ਅਸਲੀਅਤ ਲਭੇਗੀ ਕਿ ਦਸਮ ਜੀ ਨੇ ਗਿਆਰਵੇਂ ਗੁਰੂ ਬਾਲਕ ਸਿੰਘ ਜੀ ਨੂੰ ਬਾਰਵੇਂ ਸਤਿਗੁਰੂ ਰਾਮ ਸਿੰਘ ਜੀ ਲਈ, ਗੁਰ ਸ਼ਬਦ (ਗੁਰਤਾ ਅਰਪਣ ਕੀਤੀ ਤੇ ਕੀ ਪਕੀ ਕੀਤੀ ਤੇ ਉਹ ਕਿਵੇਂ ਹੋਈ ਵਰਤੀ ਤੇ ਬਾਰਵੇਂ ਗੁਰਾਂ ਤੇ ਸਿੱਖਾਂ ਕੀ ਦੇਸ ਹਿਤ ਘਾਲ ਘਾਲੀ। ੯੭੫ ਪੰਨੇ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਰਚਿਤ ਤੋਂ ਸ਼ੁਰੂ ਹੁੰਦਾ ਹੈ। ਦੇਖੋ

"ਪੰਥ ਖਾਲਸੇ ਮੈਂ ਏਕ ਸਾਖ ਕੂਕੇ ਸਿੱਖਨ ਕੀ,
ਪ੍ਰ ਤੀਸਕ ਬਰਸ ਤੇ ਜੋ ਬਿਦ ਤੇ ਮਹਾਨ ਹੈ।
ਸਬਦ ਕੀ ਮਸਤੀ ਮੈਂ ਹਾਲ ਤੇ ਬੇਹਾਲ ਹੋਏ,
ਸੀਸ ਤੇ ਉਤਰ ਜਾਤ ਦਸਤਾਰ ਤਾਨ ਹੈ।
ਸਹੀ ਨਾਮ ਨਾਮਧਾਰੀਅਹਿ ਤਿਨ ਕਾ ਉਦਾਰੀ,
ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤ,
ਚਾਹੀਅਤ ਜੈਸੀ ਤੈਸੀ ਤਿਨ ਮੇਂ ਪ੍ਰਧਾਨ ਹੈ।੧
ਭਏ ਕੂਕੇ ਜੈਸ ਅਬ ਸੁਨ ਲੇਹੁ ਤਿਸ ਸਭ,
ਰਾਜ ਸਿੰਘੀ ਥੈਸ ਜਬ ਦੇਸ ਏਸ ਜਾਵਤੇ।
ਅਟਕ ਦਰਯਾ ਤਟ ਛੋਈ ਨਾਮ ਗ੍ਰਾਮ ਮਾਂਹਿ,
ਪੇਠੋਹਾਰ ਦੇਸ ਮਾਹਿ ਸਮ ਅਮਰਾਵ ਤੇ।
ਸੰਮਤ ਅਠਾਰਾ ਸੌ ਛਿਪੰਜਾ ਮੈਂ ਬਾਲਕ ਸਿੰਘ,
ਭਯੋ ਅਵਤਾਰ ਤਾਹਿ ਈਸ ਅੰਸ ਭਾਵ ਤੇ।
ਜਾਤ ... ਅਰੋੜਾ ਭਯੋ ਭਗਤ ਅਮੋੜਾ,

ਨਾਮ ਜਪਯੋ ਨ ਐਤ੍ਰਾ ਛੋੜ੍ਰਾ ਬਿਖੈ ਰਸਜਾਵਤੋ । ੨
ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ ।
ਤਾਲਕ ਰਖੇ ਹੈ ਏਕ ਖਾਲਕ ਸੋ ਸਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜਮਤ ਭਗਤ ਵਿਰੱਕਤ ਅਦਾਗੀ ਹੈਂ ।
ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ,
ਰਾਖ ਤ੍ਰਥਾ ਭਾਖਿ ਤਥਾ ਭਜਨ ਸੁ ਜਾਗੀ ਹੈਂ। ੩
ਸੰਮਤ ਪਚਾਸੀਏ ਮੈ ਹਜਰੋ ਗ੍ਰਾਮ ਮਾਂਹਿ,
ਭ੍ਰਾਤੀ ਤਾਹਿ ਕੇ ਦੁਕਾਨ ਆਏ ਤਹਾਂ ਜੋ ਕਈ ।
ਯਾਹਿ ਹੇਤ ਬਾਲਕ ਮਰਗੇਸ਼ ਭੀ ਬਸੇਸ ਤਹਾਂ,
ਆਇਕੇ ਨਿਵਾਸ ਕੀਨ ਕਿਰਤ ਕਰਕੈ ਖਈ ।
ਤਾਹਿ ਕੇ ਪ੍ਰਤਾਪ ਕਰ ਹਜਰੋ ਅਮਾਪਵਰ,
ਭਯੋ ਸਮ ਔਧਤਰ ਮੰਦਤਾ ਬਲੈ ਗਈ ।
ਭਏ ਲੋਗ ਵਡਭਾਗੀ ਭਗਤੀ ਮੈ ਮਤ ਪਾਗੀ,
ਸੰਤ ਸੰਗ ਮਾਹਿ ਜਾਗੀ ਸੰਤ ਸੇਵਹੂੰ ਠਈ ।
ਬਾਲਕ ਮ੍ਰਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਜਪੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੈ ।
ਔਰ ਇਲਹਾਮ ਕਈ ਬਾਰ ਕਰਤਾਰ ਦਯੋ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ ।
ਜੀ ਪੈ ਗੁਰ ਦਸਮ ਦਰਸ ਦੈ ਜੋ ਕਹਿਯੋ ਤਾਹਿ,
ਮੇਰੋ ਅਵਤਾਰ ਔਰ ਰਾਮ ਸਿੰਘ ਹਵੈ ਭਰੇ ।
ਯਾਹਿ ਹੇਤ ਤਾਹਿ ਨਾਹਿ ਔਰ ਕਾਹਿ ਮਾਹਿ,
ਜਿਨ ਸਕਤ ਰਖਾਈ ਗੁਰਵਖ ਵਿਚ ਬੇ ਧਰੇ । ੪

ਜਗਜੀਤ ਸਿੰਘ ਪੁਸਤਕਾਲ



ਸੋਢੀ ਨੇਤ ਭੁਰੀ ਆਏ ਸੰਮਤ ਬਹਤਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰਕੇ।
ਜਿਲੇ ਲੁਧਿਆਣੇ ਗਾਮ ਭੈਣੀ ਨਾਮ ਜਾਣੇ ਆਸ ।
ਅਵਤਰੇ ਸਿੰਘ ਰਾਮ ਕਲਮਲੇ ਟਾਰ ਕੇ।

ਜਾਤ ਤਰਖਾਨ ਜੱਸੇ ਨਾਮ ਕੇ ਅੱਵਸੇ ਘਰ,
ਸਦਾ ਮਾਤ ਸ੍ਰੀ ਪ੍ਰਕਾਸੇ ਨਾਮ ਪਰਚਾਰ ਕੇ।

ਬਾਲਕ ਹੀ ਪਨ ਸੇ ਥੇ ਈਸਵਰ ਕੇ ਮਨ ਸੇ ਥੇ,
ਧਿਆਵ ਤੇ ਸਗਨ ਥੇ, ਜਨੋ ਕੇ ਸੁਧਾਰ ਕੇ। ੬
ਬਡੇ ਥਾਏ ਜਾਏ ਕੇ ਲਹੌਰ ਪਲਟਨ ਮਾਹਿ
ਠਾਨ ਲੀਨ ਨੌਕਰੀ ਪਛਾਨ ਕੇ ਸੁਕ੍ਰਿਤ ਹੈ।

ਬਾਣੀ ਗੁਰ ਕੀ ਪਢੇ ਹੈ ਭਜਨ ਕਰੇ ਹੈ ਚੈ ਹੈ
ਰਹਿਨੇ ਇਕੰਤ ਦੇ ਹੈਂ ਆਜ ਜੋ ਕੋਥਿਤ ਹੈਂ।
ਸੰਮਤ ਅਠਾਰਾਂ ਸੋ ਅਠਾਨਵੇਂ ਮੇਂ ਪਲਟਨ
ਗਈ ਥੀ ਸੋਹਜਠੇ ਮੇ ਰਾਜ ਕਾਜ ਹਿਤ ਹੈ।

ਸੰਤਨ ਕੇ ਮਿਲਬੇ ਕਾ ਸ਼ੌਕ ਥਾਮਹਾਨ ਰਾਮ,
ਸਿੰਘ ਦਰਸਾਤੇ ਧਾਤੇ ਜਾਏ ਜਿਤ ਕਿੱਤ ਹੈ।
ਬਾਲਕ ਮ੍ਰਗੇਸ਼ ਕਾ ਵਿਸ਼ੇਸ਼ ਜਸ ਸੁਨ ਸੋਊ
ਕਕਲ ਬਤਕ ਸੁਤ ਸਮ ਹੁਲਸਾਏ ਕੇ।

ਪਗ ਪੁੰਨ ਪੁੰਜ ਜਾਗਿਯੋ ਰੰਗਣ ਮੇਂ ਖੂਬ ਰਾਂਗਯੋ,
ਵਡਭਾਗੀ ਪਰੇਮ ਪਾਗਯੋ ਗਹੇ ਪਗ ਜਾਇਕੇ।

ਪੇਖ ਅਧਿਕਾਰੀ ਈਸ ਅੰਸ ਅਵਤਾਰੀ,
ਤਬ ਬਾਲਕ ਮ੍ਰਗਾਰੀ ਦੀਓ ਨਾਮ ਮੁਦ ਧਾਇ ਕੇ।
ਸਾਰ ਚਾਰ ਬੇਦਨ ਕੇ ਭਰਮ ਭੇਦ ਛੇਦਨ ਕੋ,

Sri Satguru Jagjit Singh Ji Elibrary NamdhariElibrary@gmail.com

ਢਾਏ ਨਿਰਵੇਦਨ ਕੇ ਵੇਖ ਦੁਖ ਘਾਏ ਕੈ। ੮
ਦੀਉ ਮੰਤਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜ ਹਿ ਸਮ ਔਰ ਨ ਦਰਾਜ ਫਲ ਦਾਇਕੈ।
ਕੋਊ ਕਹਿਤ ਬੇ ਕਲਾਮ ਦੀਨੀ ਸਯੋਂਦਾਨੀ,
ਸੋਊ ਸਭ ਕੂਰ ਹਮ ਪੇਖਿਉ ਅਜਮਾਇ ਕੈ।
ਏਹੀ ਕਲੀਕਾਲ ਕੀ ਕਰਾਲਤਾ ਕੁਚਾਲਤਾ ਕੋ,
ਗਾਲਤਾ ਹੈ ਟਾਲਤਾ ਚੁਰਾਸੀ ਜੋਨ ਮਾਇ ਕੈ।
ਇਸੈ ਹੀ ਭਜਨ ਮਾਹਿ ਰਾਮ ਸਿੰਘ ਸੋਉ ਛਾਹਿ,
ਲਾਈ ਲਿਵ ਅਧਕਾਏ ਰਸਨਾ ਹਲਾਏ ਕੈ। ੯
ਕਾਰਬਾਰ ਜਗ ਕੇ ਅਸਾਰ ਲਖ ਡਾਰ ਸਭ,
ਧਾਰ ਸੁਅਚਾਰ ਔ ਵੀਚਾਰ ਵੀਰ ਰਹਿ ਹੈ।
ਮਸਤ ਸ਼ਰਾਬੀ ਜਿਉਂ ਰਹਾਬੀ ਵ੍ਰਿਤ ਏਕ ਰਸ,
ਦਾਬੀ ਦਲਗੀਰੀ ਵਾਬੀ ਖੁਸ਼ੀ ਤੇ ਅਰਹਿ ਹੈ।
ਰੋਧ ਕਰ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ,
ਸੋਧ ਸੁਧ ਠੋਰ ਨਦੀ ਸਰ ਤਟ ਬਹਿ ਹੈ।
ਜੀਹ ਨਾਮ ਜਪ ਮਾਹਿ ਤਨ ਤ੍ਯਾਯੋ ਤਪ ਮਾਹਿ,
ਮਨ ਮਹਿਬੂਬ ਮਾਹਿ ਖੂਬ ਰਾਖਯੋ ਗਹਿ ਹੈ।੧੦
ਬੀਸਕ ਬਰਸ ਜਬ ਸਰਸ ਬਿਤਾਏ ਐਸ,
ਬੰਦਗੀ ਜੋਹਦ ਜਾਪ ਕੀਨੋ ਮਨ ਲਾਇ ਕੈ।
ਵਾਸੀ ਜੋਊ ਨਾਮ ਕੀ ਪ੍ਰਕਾਸੀ ਰਿਧ ਸਿਧ ਸੋਊ,
ਭਾਸੀ ਬਾਣੀ ਮੈਂ ਤਾਸੀਰ ਭਜਨ ਪ੍ਰਭਾਏ ਕੈ।
ਭਈ ਤੌ ਅਕਾਸ ਬਾਨੀ ਖਾਸ ਜੋ ਮਹਾਨੀ ਤਾਹਿ,
ਦੇਹੋ ਨਾਮ ਜੀਵਨ ਕੋ ਸੀਖ ਭੇਗਦਾਏ ਕੈ।
ਪੰਥ ਗੁਰੂ ਦਸਮ ਕੀ ਰਸਮ ਬਢਾਵੋ ਜਗ,

Sri Satguru Jagjit Singh Ji Elibrary NamdhariElibrary@gmail com

ਖਸਮ ਕਾ ਖਾਲਸਾ ਹੈ ਖਾਸ ਜੋਂ ਲਖਾਇ ਕੈ । ੧੧

ਪਾਏ ਇਹ ਹੁਕਮ ਪਰਮੇਸ ਕਾ ਬਸੇਸ ਫਿਰ
ਰਾਮ ਮਰਗੇਸ਼ ਉਪਦੇਸ਼ ਦੈਨ ਲਾਗਿਉ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਉ ਕੇ
ਸੁਦਾ ਛਕ ਥਾਇ ਸਿਖ ਭਾਗ ਜਿਨੇ ਜਾਗਿਉ
ਫੈਲਿਯੋ ਜਸਭਾਰੀ ਸਿਖ ਥੀਏ ਤਾਇ ਕੇ ਅਪਾਰੀ।
ਸਿਖ ਪੰਥ ਖਿਰਦਾ ਵਿਉ ਨਾਮ ਰਸ ਪਾਗਿਉ।
ਫੀਮ ਭੰਗ ਪੋਸਤ ਸੁਰਾਬ ਮਾਸ ਚੋਰੀ ਯਾਰੀ
ਠੱਗੀ ਤਜ ਥੀਏ ਸੰਤ ਸਤ ਜਗ ਆ ਗਿਉ। ੧੨

ਕਰਤੇ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ
ਤਾਂ ਤੇ ਨਫਾ ਪਾਏ ਜੋਊ ਆਪ ਦੀਨੇ ਖਾਏ ਹੈ।
ਸੰਗਤ ਅਪਾਰ ਆਵੇ ਦੁਵਾਰਪੇ ਰਹਾਵੇ ਭੀਰ
ਪੂਜਾ ਜੋ ਚੜ੍ਹਾਵੇ ਸੋ ਤੋ ਲੰਗਰ ਮੇਂ ਪਾਏ ਹੈਂ।
ਲੇਹੋ ਜੋਊ ਨਾਮ ਆਏ ਸੋਊ ਤੋਂ ਮਸਤ ਥਾਇ
ਦਸਤਾਰ ਡਾਰ ਦਾਇ ਹਾਲ ਚਢ ਜਾਇ ਹੈ।
ਦੈਤ ਭੇਤ ਨਾਹਿ ਕਾਹਿ ਕਥੀ ਦੂਸਰੇ ਕੋ ਵਾਹਿ
ਯਾਹਿ ਤੇ ਕਲਾਮ ਬਹੁ ਲੋਗ ਸੋ ਬਤਾਇ ਹੈ। ੧੩

ਦੇਸਨ ਮੇਂ ਧੂਮ ਮਾਚੀ ਸਾਚੀ ਇਮਤਾਹਿ ਤਬ
ਆਵੇ ਲੋਗ ਸਿਖ ਥਾਵੇ ਅਜਮਾਵੇ ਤੈਸਹੀ
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ
ਥੀਏ ਸਿਖ ਬੇਸ਼ਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਥਾਈ ਤਿਨ ਅਕਬਰ ਸਾਹਿਨਿਆਈ
ਉਨ ਕੀ ਜਬਾਂਨ ਮੇਂ ਤਸੀਰ ਥਾਈ ਵੈਸ ਹੀ।
ਨਰ ਨਾਰ ਸਬਦ ਅਪਾਰ ਪਢੇ ਗੁਰੂ ਕੇਰ
ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ। ੧੪

Sri Satguru Jagjit Singh Ji Elibrary NamdhariElibrary@gmail.com

ਹਮਨ ਕਰੈ ਹੈਂ ਭੇਗ ਗਰੰਥ ਜੀ ਕੋ ਪੈਹੇਂ ਬਹੁ
ਸੰਗਤੈਂ ਕੇ ਕੰਠ ਐਹੇ ਰਹੇ ਹੈ ਰਚਨਾ ਲਗੀ।
ਇਸ਼ਨਾਨ ਕਰ ਹੈ ਸਕੇਸ ਵੇਸ ਰਾਤ ਹੀ ਤੇ
ਵਾਹਿਗੁਰੂ ਨਾਮ ਮਾਹਿ ਰਾਖੈਂ ਰਸਨਾਂ ਪਗੀ।
ਰਾਖ ਹੈ ਪੁਸ਼ਾਕ ਪਾਕ ਸੁਕਲ ਊਰਨ ਮਾਲ
ਕਛਕੜਾ ਕਰਦ ਮਰਦ ਨਾਰ ਸਭ ਜੋਤਗੀ।
ਬਿਨਾਂ ਨਾਮ ਧਾਰੀ ਅਨੰ ਜਲ ਰੋਟੀ ਬੇਟੀ ਵਾਰੀ,
ਸਾਂਝ ਰਾਖ ਹੈ ਨ ਕਾਹੂੰ ਸੰਗ ਜਗ ਮੋ ਸਗੀ।੧੫
ਦੇਵ ਥਾਨ ਤੀਰਥ ਪੁਰਾਨ ਸਾਧ ਬਿਪਨੈਂ ਕੋ,
ਮਾਨ ਹੈ ਨਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ ਸਹੇਤ ਸਾਕ ਨਾਤਾ,
ਰਾਜ ਲੇਣ ਕੇਰੀ ਇਛਯਾ ਮਨ ਸਬ ਕੇ ਢਬੀ।
ਮਰਨੇ ਔ ਪਰਨੇ ਮੈਂ ਬਿਪਰੇ ਬੁਲਾਵੇ ਨਾਹਿ,
ਆਨੰਦ ਪੜਾਵੇ ਰੀਤ ਗੁਰ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ,
ਜਾਨੈ ਜੋ ਬਖਾਨੈ ਸੋਊ ਮਾਨ ਹੈ ਸਭੀ।੧੬
ਹੋਰ ਏਹੋ ਚਾਲ ਥੀਏ ਬਿਪਰ ਬਿਸਾਲ ਦੁਖੀ
ਨਿੰਦਿਆ ਉਚਾਰੇ ਹਿੰਦੂ ਤੁਰਕ ਅਪਾਰੇ ਹੈਂ।
ਕਾਰਨ ਦਰਸ ਗੁਰਦ੍ਵਾਰਨ ਸਧਾਰਨ ਜੋ,
ਸਬਦ ਉਚਾਰਨ ਡਾਰਨ ਦਸਤਾਰੇ ਹੈਂ।
ਹੋਰ ਕੇ ਪਜਾਰੇ ਭਾਰੇ ਦੁਖੀ ਹੋਏ ਉਚਾਰੇ ਗਾਰੈਂ
ਸਰਾ ਮਨਵਾਂਹਿ ਵਾਹਿ ਉਨ ਕੀ ਨ ਧਾਰੇ ਹੈਂ।
ਯੋਂ ਹੀ ਹੈਰੇ ਰੋਗਾ ਗੋਰਾ ਕੂਕਿਉਂ ਕਾ ਦੇਸਨ ਮੈਂ
ਬਾਢੇ ਅਤਿ ਭਾਰੇ ਹਿੰਦੂ ਤੁਰਕਨ ਤੇ ਨਿਆਰੇ ਹੈਂ।੧੭

Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਜੀ ਹੈ ਜਿਤ ਸਿਖ ਹਵੈ ਹਜ਼ਾਰੋਂ ਤਿੱਤ
ਭੇਟ ਦੇਤ ਹੈਂ ਅਮਿਤ ਬੋਲ ਦੀਨ ਬੈਨ ਹੈਂ।
ਦਮਦਮੇ ਸਾਹਿਬ ਮੁਕਤਸਰ ਮੇਲਿਉ ਪੈ
ਗਯੋ ਜਬ ਥਯੋ ਦਲ ਤਾਂਹਿ ਸੰਗ ਐਨ ਹੈ।
ਹੋਰ ਕੈ ਅਰੂਜ ਤੈਂ ਨਮੂਜ ਤਬ ਤਾਹਿ ਬੜ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ ਥਾਨੇਦਾਰ,
ਰੋਹੈਂ ਪੇਸ਼ਵਾ ਈ ਮਾਂਹਿ ਤਾਂਹਿ ਕੇ ਸਸੈਨ ਹੈਂ।੧੮
ਅਦਬ ਹਿਫਾਜ਼ਤ ਇੰਤਜ਼ਾਮ ਰਾਖੇ ਵਾਹਿ,
ਲੋਗ ਨਿਜ ਨਿਜਮਨ ਰਾਖੇ ਬੋਲ ਬੋ ਕਰੈਂ।
ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ
ਬਢ ਹੈ ਪ੍ਰਤਾਪ ਪੰਥ ਰੀਤ ਇਸ ਸੋਂ ਭਰੈ।
ਪ੍ਰਸ਼ਾਦ ਭੇਟ ਲੈਕੇ ਗਯੋ ਜਬ ਗੁਰ ਦੁਆਰੇ
ਮਿਲਕੇ ਪੁਜਾਰੀਉ ਨੇ ਕਹਯੋਂ ਐਸ ਹੂ ਖਰੇ।
ਤਾਲ ਕਰਵਾਇ ਪਕਾ ਦੇਹ ਤੁਨਖਾਇ ਏਹੁ
ਦਸਤਾਰ ਉਤਰੈ ਨ ਹਾਲ ਕਿਸੀ ਕੋ ਰਰੈਂ।੧੯
ਕਹਿਯੋ ਰ ਮ ਸਿੰਘ ਉਠੇ ਬਾਤ ਨਾਹਿ ਬਾਤ ਮੋਤੇ
ਦੇਹੋ ਤਨ ਖਾਹਿ ਕਿਛੁ ਜਥਾ ਜੋਗ ਜੋ ਰਰਯੋ।
ਹੁਤੋ ਗੁਰਦਵਾਰੇ ਤੰਬੂ ਸਾਹਿਬ ਕਾ ਜੋ ਮਹੰਤ,
ਮੰਗਲ ਮਰਗੋਬ ਤਾਹਿ ਪਰਖਬੇ ਕੋ ਯੋਂ ਫਰਯੋ।
ਧਾਰ ਹੈ ਨ ਕੂਕਾ ਕੋਊ ਕਛੀ ਨੀਲ ਰੰਗ ਅੰਗ,
ਨੀਲਾ ਸਿਰੋ ਪਾਉ ਰਾਮ ਸਿੰਘ ਆਗੇ ਲਿਆ ਧਰਿਯੋ
ਯਦੀ ਤਾਹਿ ਸੋਊ ਨਿਜਸੀਸ ਪਰ ਧਾਰ ਲੀਨੋ
ਤੌਂਭੀ ਨ ਪੁਜਾਰੀਉ ਨੇ ਇਤਫਾਕ ਹੈ ਕਰਿਯੋ।੨੦
ਐਸ ਹੀ ਐਨਦਪੁਰ ਗਯੇ ਜਬਰੋਰਾ ਰਹਿਯੋ,

Sri Satguru Jagjit Singh Ji Elibrary NamdhariElibrary@gmail.com

ਸੰਮਤ ਉਨੀਸ ਬਾਈ ਤੇਈ ਮਧ ਚੰਗ ਹੈ।
ਦੀਪਮਾਲ ਚੌਵੀਸਾਲ ਹੂੰ ਕੀ ਪਰਸੁਧਾ ਸਰ
ਆਯੋ ਹਾਕਮੋਂ ਨੇ ਕੀਨੀ ਖਾਤਰ ਸੁਰੰਗ ਹੈ।੧੯੨੪
ਉਤਰਿਓ ਬਾਹਰ ਚਾਟੀ ਪਿੰਡ ਦਰਵਾਜੇ ਹੂੰਤੇ
ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗ ਹੈ।
ਪਰਸਾਦ ਭੇਟ ਲੈ ਅਪਾਰ ਜਬ ਦਰਬਾਰ
ਆਯੋ ਤੌਂ ਪੁਜਾਰੀਓਂ ਨੇ ਕੀਨਿਯੋ ਕੁਢੰਗ ਹੈ। ੨੧
ਕੋਈ ਤੌਂ ਹਜਾਰੋਂ ਹੀ ਰੁਪਯਾ ਰਿਸ਼ਵਤ ਮਾਗੈ
ਕੋਉ ਤਨ ਖਾਹ ਚਾਰ ਪਾਂਚ ਲਾਖ ਮੰਗ ਹੈ।
ਹੋਇਕੈ ਮਸਤ ਕੋਊ ਕੂਕਾ ਨ ਉਤਾਰੈ ਪਾਗ
ਸਿਖ ਨ ਕਹਾਵੈ ਤੇਰੇ ਧਾਰੇ ਨੀਲ ਅੰਗ ਹੈ।
ਕਹਿਯੋ ਰਾਮ ਸਿੰਘ ਇਹੁ ਬਾਤ ਸਭ ਗੁਰੂ ਵਸ
ਸਕਤਿ ਨ ਮੋ ਮੈਂ ਏਤੀ ਫੇਰੋ ਮਨ ਢੰਗ ਹੈ।
ਤਨ ਖਾਹਿ ਆਹਿ ਮੇਮੇ ਚਤਰ ਬਿਧਾ ਜੋ ਕੋਊ
ਲੇਹੁ ਦੰਡ ਵਾਹਿ ਕਰ ਸਹੀ ਸੋ ਨਿਸੰਗ ਹੈ। ੨੨
ਥੀਉ ਤਕਰਾਰ ਇਨ ਬਾਤਨ ਪੈ ਭਾਰ ਜਬ
ਬਡਤੀ ਨਿਹਾਰ ਰਾਰ ਰਾਮ ਸਿੰਘ ਜੂ ਤਵੈ।
ਗੁਰਦਵਾਰੇ ਆਗੇ ਥਿਰ ਆਪ ਹੀ ਅਰਦਾਸ ਕਰ,
ਦੀਨ੍ਹੇ ਬਰਤਵਾਏ ਪਰਸਾਦ ਸਭਨ੍ਹੇ ਸਖੈ।
ਗਾਵਤੇ ਸਬਦ ਪਰਦਖਨਾਂ ਲੈ ਗਏ ਡੇਰੇ,
ਐਸੇ ਹੀ ਨਿਰਮਲਿਉਂ ਕੇ ਸਾਥ ਕੀਨ ਦਿਨ ਹੈ ਆਬੈ।
ਪੰਥ ਦੂਧ ਮਾਹਿ ਕਾਂਜੀ ਡਾਰੀ ਹੈ ਪੁਜਾਰੀਹੂੰਨ,
ਮੇਲ ਹੋਣਦੇਤ ਨ ਬਰਈ ਮੰਦ ਜੋ ਕਬੈ। ੨੩
ਪਦੀਪ ਪੁਜਾਰੀ ਥੇ ਬਿਰੋਧੀ ਇਨੇ ਕੇਰ ਥਏ,
ਤੇਭੀ ਉਭੈ ਪੰਥ ਯੋ ਬਢਾਏ ਗੁਰਨੈ ਘਨੈ।

ਸੁਨੋ ਅਬ ਧਰਮ ਕੇ ਹੇਤ ਸਿਰ ਦੇਕੇ ਕੂਕੇ
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀਸ ਬੀਸ ਤੀਸ ਕੇ ਵਖਤ ਅਤਿ
ਠੋਰ ਠੋਰ ਧੇਨੁ ਬਧ ਹੋਨ ਲਾਗੀ ਥੇ ਘਨੇ।
ਦੇਖ ਦੇਖ ਹਿੰਦੂ ਸਭ ਹੋਹਿ ਦੁਖਿਆਰੇ ਭਾਰੇ
ਚਾਰਾ ਜੋਰ ਸਰਕਾਰ ਸੰਗ ਕੋਊ ਨ ਬਨੇ। ੨੪
ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬ
ਬੁਚੜ ਬਿਦਾਰੇ ਧਤਿਆਰੇ ਬਹੁ ਠੋਰ ਪੈ।
ਸੁਧਾ ਸਰ ਆਦਿ ਔਰ ਠੋਰ ਹਿੰਦੂ ਨਾਮੀ ਗਰਾਮੀ
ਅੰਗਰੇਜ਼ੋਂ ਗਹਿ ਕੇ ਦੁਖਿਆਰੇ ਕੀਨੇ ਗੌਰ ਪੈ।
ਦੇਨ ਲਾਗੀ ਫਾਂਸੀ ਜਬ ਆਇ ਖੁਦ ਕੂਕੇ ਤਬ,
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
ਖੁਸ਼ੀ ਹੋਏ ਦਏ ਸੀਸ ਗਏ ਈਸ ਲੋਕ ਮਾਹਿ,
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ। ੨੫
ਕੂਕੇ ਸਿੰਘ ਸਾਠ ਕੇ ਨੇ ਠਾਨ ਕੇ ਮਤਨ ਨਿਜ,
ਮਾਰਕੇ ਕਸਾਈਆਂ ਕੇ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਔ ਪਠਾਨੀ ਫੌਜ ਸਭ,
ਸਿੰਘਨ ਸੇ ਲਰੀ ਇਨੈ ਮਾਰ ਕੇ ਹਟਾਈਆਂ।
ਫੌਜ ਪਟਿਆਲੇ ਨੇ ਬਸਾਲੇ ਜਾਇ ਦਗੇ ਸੰਗ
ਕਸਮੈ ਉਠਾਇ ਲਿਆਇ ਦੀਏ ਪਕਰਾਈਆਂ।
ਉਡੇ ਸੋਊ ਤੋਪੋਂ ਆਗੇ ਅਨੁਰਾਗੀ ਸਬਦੋਂ ਮੇਂ
ਖੁਸ਼ੀ ਹੋਈ ਬਡਭਾਗੀ ਧਰਮ ਹਿਤਾਈਆਂ। ੨੬
ਸਰਦਾਰ ਰਾਜੇ ਤੇ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰ ਕਾਰ ਤਿਨ ਕੋਰ ਪੈ।
ਦੈਸ ਹੀਨ ਉਸ ਸਮੇਂ ਰਾਮ ਸਿੰਘ ਕੌਂ ਰਗੂਨ

Sri Satguru Jagjit Singh Ji Elibrary NamdhariElibrary@gmail.com

ਭੇਜ ਦੀਓ ਅੰਗਰੇਜ਼ੋਂ ਖੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ
ਰਾਮ ਸਿੰਘ ਜੂ ਕੀ ਠੋਰ ਬੁਧ ਸਿੰਘ ਭਾਈ ਤਾਹਿ ।
ਅਬ ਹੈ ਮਹੰਤ ਕੰਤ ਕੂਕਿਓ ਕਾਹੇਰ ਪੈ। ੨੭
ਠੱਟਤ ਭਵਾਨੀ ਕੀ ਉਪਾਸਨਾਂ ਪਠਤ ਬਾਣੀ
ਵਾਹਿਗੁਰ ਵਾਹਿਗੁਰ ਰਟਤ ਅਮੂਕੇ ਹੈਂ।
ਸ਼ੁਕਲ ਬਸਨ ਮਾਲਾ ਸੂਧੀ ਦਸਤਾਰ ਦਾਹੀ
ਕਰ ਹੈ ਹਵਨ ਪਾਠ ਗਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿਖ ਸਾਦਕ ਸਹੀ ਹੈ ਸਭ
ਲਾਲਸਾ ਬਿਸਾਲ ਰਾਜ ਲੈਬੇ ਕੀ ਆਦੂਕੇ ਹੈਂ।
ਐਸੇ ਲਖਨ ਹੈਂ ਟੇਰੈ ਤੈਸੇ ਗਿਆਨ ਸਿੰਘ
ਐਸੇ ਪਰਸਿਧ ਹੀ ਅਬਿਧ ਸਿਖ ਕੂਕੇ ਹੈਂ। ੨੮

( ਦੋਹਰਾ )

ਸਿੰਘ ਕੂਕਿਉਂ ਕੀ ਕਥਾ ਕਹੀ ਜਥਾਰਥ ਸਾਰ।

੬੮੧ ਪੰਨਾ ਪੰਥ ਪਰਕਾਸ਼

ਇਹ ਗਿਆਨੀ ਗਿਆਨ ਸਿੰਘ ਜੀ ਨਿਰਮਲੇ ਸਿੰਘ (ਸਿੰਘ ਸਭਾ ਦੇ ਸਾਥੀਆਂ ਚੋ ਸਨ। ਤੇ ਸਤਿ ਗੁਰੂ ਰਾਮ ਸਿੰਘ ਜੀ ਦੀ ਭੀ ਏਹਨਾਂ ਦੌਰੇ ਚਿ ਕੁਝ ਦਿਨ ਸੰਗਤ ਕੀਤੀ ਸੀ। ਤੇ ਜਾਪਦਾ ਹੈ। ਜਨ ਭੀ ਸੁਣਿਆ ਤੇ ਲਿਆ ਹੈ ਤਾਹੀਓਂ ਹੀ ਲਿਖਿਆ ਨੇ ਕਿਵੇਂ ਜੋ ਕਹਿਤ ਯਿਹ ਕਲਾਮ ਦੀਨੀ ਸਯਦਾਨੀ ਸੈਂਉ ਸਭ ਕੂਰ ਹਮ ਦੇ ਖਿਉ ਅਜਮਾਏ ਕੈ। ਭਾਵੇਂ ਸਿੰਘ ਸਭਾ ਦੇ ਭਾਵ ਦੀਆਂ ਭੀ ਆਪ ਲਿਖ ਗਏ ਹਨ ਤੇ ਓਕਾਈਆਂ ਭੀ ਕਰ ਗਏ ਹਨ। ਪਰ ਸਚ ਜੋ ਉਹਨਾਂ ਦੇ ਅੰਤਰ ਆਤਮੇ ਚਿ ਆਇਆ ਹੈ। ਉਸਨੂੰ ਭੀ ਉਕਾ ਨਹੀਂ ਲੁਕਾਇਆ।

(ਸਿੰਘ ਸਭ੍ਹਾਈ ਮੱਤ ਦੀਆਂ)

(੧) ਪਾਗ ਕੋ ਉਤਾਰ ਬਿਨ ਤੇ ਸਾਖ ਕੁਰੇ ਸਿਖਨ ਕੀ। ਜਦ ਦਸਮੇ ਗੁਰੂ ਕੇ ਸਿਖ ਸਾਂਦਕ ਸਹੀ ਹੈ ਸਭ ਲਿਖਦੇ ਹਨ ਤਾਂ ਪੰਥ ਹੈ ਸਾਖ ਨਹੀ ਹੋਸਕਦਾ ਕਿਉਂਕਿ ਪੰਥ ਵਡਾ ਤੇ ਮਾਨਨੀਅ ਰਸਤਾ ਹੁੰਦਾ ਹੈ ਤੇ ਸਾਖ ਪਗਡੰਡੀ। ਉਕਾਈਆਂ

(੨) 'ਛੋਈ ਨਹੀਂ'। ਸਰਕਲਪ੍ਰਹੈ ਗੁਰੂ ਬਾਲਕ ਸਿੰਘ ਜੀ ਦਾ ਗੁਰਮ ਪਰਕਾਸ਼ ੧੮੫੬ ਦਾ ਨਹੀਂ ੧੮੪੧ ਸਿ: ਪੂਰਨਮਾਸ਼ੀ ਹੋਲਾ ਦਿਵਸ ਹੈ। ਤੇ ਦੇਵਥਾਨ ਤੀਰਥ ਪਰਾਨ ਸਾਧ ਬਿਪਰੋਂ ਕੋ ਜੋ ਨਾ ਮਾਨੈ ਲਿਖਾ ਹੈ ਇਹ ਭੀ ਉਹਨਾਂ ਦੀ ਨਿਜੀ ਰਾਏ ਹੈ। ਸਾਧੂ ਮਤ ਬੁਧੀ ਹੁੰ ਤਾਂ ਨਾਮਧਾਰੀ ਮਨ ਮਨਾਂਦੇ ਸੀ।

# ਸਚ ਤੇ ਅਸਲੀਅਤ

ਬਾਲਕ ਸਿੰਘ ਭਇਉ ਅਵਤਾਰ ਤਿਹੰ ਈਸ ਅੰਸ ਭਾਵ ਤੈ।
(ਪੈ ਪਾਲਕ ਪੈਗੰਬਰੋਂ ਕੇ) ਅੰਬਰੋਂ ਕੇ ਮਾਲਕ।
ਤਾਂਹਿ ਕੇ ਪ੍ਰਤਾਪ ਕਰ ਹਜਰੋ ਅਮਾਪਵਰ ਭਯੋ ਸਮ ਔਧ ਤਰ

ਮੰਦਤਾ ਬਿਲੋ ਗਈ।
ਔਰ ਇਲਹਾਮ ਕਈ ਬਾਰ ਕਰਤਾਰ ਦਇਉ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੋ।
ਐ ਪੈ ਗੁਰ ਦਸਮ ਦਰਸ ਦੇ ਜੋ ਕਹਿਉ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੋ।
ਜਾਹਿ ਹੇਤ ਤਾਹਿ ਨਾਹਿ ਔਤ ਕਾਹਿ ਮਾਹਿ;
ਨਿਜ ਸਕਤ ਰਖਾਈ ਗੁਰਵਾਕ ਦਿਵ ਛੋ ਧਰੋ।

Sri Satguru Jagjit Singh Ji Elibrary NamdhariElibrary@gmail.com

ਸੋਈ ਨੌਤ ਭੂਰੀ ਆਏ ਸੰਮਤ ਬਹੱਤਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰ ਦ੍ਵਾਰ ਕੇ।
ਅਵਤਰੇ ਸਿੰਘ ਰਾਮ ਕਲਮਲੇ ਟਾਰ ਕੈ,
ਸਦਾ ਮਾਤ ਸੇ ਪ੍ਰਕਾਸੇ ਨਾਮ ਪ੍ਰਚਾਰ ਕੇ।

(ਭਾਵ) ਜਨਮ ਨਹੀਂ ਪ੍ਰਕਾਸ਼ ਹੋਇਆ ਨਾਮ ਪਰਚਾਰ ਦੇ ਵਾਸਤੇ। ਜਨੋਂ ਕੇ ਸਧਾਰ ਹਿਤ ਪੇਖ ਅਧਕਾਰੀ ਈਸ ਅੰਸ ਅਵਤਾਰੀ। (ਭਾਵ) ਜੋ ਅਧਿਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਗਏ ਸੀ ਉਸ ਅਧਿਕਾਰ ਵਾਲੇ ਈਸ ਅੰਸ ਅਵਤਾਰ।

ਸੋਊ ਸਭ ਕੂਰ ਹਮ ਪੇਖਿਉ ਅਜਮਾਏ ਕੇ! (ਭਾਵ) ਜੋ ਪੁਜਾਰੀਆਂ ਤੇ ਸਰਕਾਰੀਆਂ ਤੇ ਸਿੰਘ ਸਭੀਆਂ ਨੇ ਨਾਮਧਾਰੀਆਂ ਦੇ ਉਲਟ ਧੁਮਾਇਆ ਹੈ ਸੋ ਸਭ ਝੂਠ ਹੈ ਕਿ ਕੂਕੇ ਕਲਾਮ ਦੇਂਦੇ ਹਨ।

ਅਕਾਸ਼ ਬਾਣੀ ਹੋਈ ਦਸਮ ਜੀ ਦੀ ਰਸਮ ਬਢਾਉ। ਸਤਿਜੁਗ ਆ ਗਿਉ। ਰਾਜ ਲੇਨ ਕੇਰੀ ਇਛਾ ਮਨ ਸਭ ਕੇ ਫਬੀ। ਗੁਰੂ ਘਰ ਕੀ ਰੀਤ। ਭਾਵ ਅਨੰਦ ਮ੍ਰਜਾਦਾ ਟੋਰੀ ਹੈ ਉਚੇਰੀ। ਜਿਸ ਤੋਂ ਬ੍ਰਹਿਮਣ ਦੁਖੀ ਹੋਏ ਹਨ ਤਿੰਨ ਲਖ ਤੋਂ ਵਧੇ ਹਨ। ਨਿਆਰੀ ਰਹਿਤ ਵਾਲੇ।

ਸਤਿਗੁਰੂ ਰਾਮ ਸਿੰਘ ਜੀ ਇਤਫਾਕ ਚਾਹੁੰਦੇ ਸਨ। ਜਿਸ ਕਰਕੇ ਪੰਥ ਵਧੇ। ਪਰ ਪੁਜਾਰੀਆਂ ਨੇ ਕੁਢੰਗ ਹੀ ਕੀਤਾ।

ਅੰਮ੍ਰਿਤਸਰ ਮਲੇਰ ਕੋਟਲੇ ਆਦਿ ਨਾਮੀ ਗਰਾਮੀ ਧਰਮ ਹੇਤ ਕੀਤੇ ਸਿੰਘਾਂ ਦੇ ਕਾਰਨਾਮਿਆ ਨੂੰ ਸੋਹਣਾ ਸਾਫ ਲਿਖਦੇ ਹਨ ਕਿ ਸ਼ਬਦ ਪੜ੍ਹਦੇ ਚੜੇ ਤੇ ਤੋਪਾਂ ਅਗੇ ਉਡੇ ਖੁਸ਼ੀ ਨਾਲ ਵਡਭਾਗੀ ਦੁਨੀਆਂ ਵੇਖ ਅਸਚਰਜ ਹੋਈ।

ਦੇਸ਼ਹੀਨ ਸਤਿਗੁਰੂ ਜੀ ਨੂੰ ਬਦੇਸ਼ ਭੇਜਿਆ। ਭਾਵੇਂ ਸਿੰਘ ਸਭਾ ਦੇ ਸਾਥੀ ਸਨ ਪਰ ਸੀ ਤਾਂ ਨਿਰਮਲੇ ਸੰਤ ਤਾਂ ਹੀ ਦੇਸ਼ਹੀਣ ਲਿਖਿਆ ਹੈ।

ਜੋਰ ਤੋਰ ਦੀਨੋ ਏਸ ਪੰਥ ਕਾ ਬਧੇਰ ਪੈ। ਏਕੋ ਪੰਥ ਹੀ

ਲਿਖਿਆ ਹੈ। ਸਿੰਘ ਸਭਾ ਦੇ ਅਸਰੋਂ ਉਪਰ ਹੈ।

ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈ ਸਭ,

ਲਾਲਸਾ ਬਿਸਾਲ ਰਾਜ ਲੈਬੇ ਕੀ ਅਚੂਕੇ ਹੈ।

(ਭਾਵ) ਅੰਗਰੇਜ਼ ਤੋਂ ਰਾਜ ਲੈਣ ਦੀ ਲਾਲਸਾ ਤੋਂ ਨ ਉਕਣ ਵਾਲੇ ਦਸਮੇ ਗੁਰੂ ਦੇ ਸਾਦਕ ਸਿਖ ਹਨ। ਗੁਰੂ ਹਰੀ ਸਿੰਘ ਜੀ ਬਾਬਤ ਭੀ ਸੋਹਣਾ ਲਿਖਿਆ ਹੈ, ਕੰਤ ਕੂਕਿਉਂ ਕਾ ਹੋਰ ਹੈ।

ਪਾਠਕ ਜਨ ਸੋਚ ਸਮਝ ਸਕਦੇ ਹਨ ਕੇ ਦਸਮ ਗੁਰੂ ਦੇ ਸਾਦਕ ਸਿੰਘਾਂ ਦਾ ਆਜ਼ਾਦੀ ਲੈਣ ਤੋਂ ਨ ਉਕਣ ਵਾਲਾ ਪੰਥ ਹੈ। ਗਿਆਨੀ ਜੀ ਦੇ ਹੀ ਕਥੇ ਨੁਸਾਰ ਜੋਰਤੋਰ ਕੀਨੋ ਏਸ ਪੰਥ

ਕੋਬਧੋਰ ਹੈ। ਜਾਂ ਸਾਖ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮੀ ਅਵਤਾਰ ਦੀ ਸਜਨਾਂ ਕੀਤਾ ਹੋਇਆ।

ਮੈਂ ਇਹ ਨਿਰਨਾਂ ਇਸ ਲਈ ਲਿਖਿਆ ਹੈ। ਕੇ ਪੰਥ ਪ੍ਰਕਾਸ਼ ਦੀ ਕਿਸੇ ਐਡੀਸ਼ਨ ਚਿ ਤਾਂ ਇਹ ਅਠਾਈ ਕਬਿਤ ਹੀ ਸਹੀ ਸਹੀ ਹਨ। ਤੇ ਕਿਸੇ ਚਿ ਭਾਈ ਚਾਰ ਨੇ ਕਿਰਪਾ ਕਰ ਵਿਧਾ ਘਟਾ ਕਰ ਦਿਤਾ ਹੋਇਆ ਹੈ। ਹੋ ਸਕਦਾ ਹੈ ਉਕਾ ਹੀ ਉੜਾ ਦੇਣ। ਜਿਵੇਂ ਦਸਮ ਗਰੰਥ ਸਾਹਿਬ ਦਾ ਪਰਕਾਸਨਾਂ ਤੇ ਪੜਨਾਂ ਆਦ ਗਰੰਥ ਸਾਹਿਬ ਦੇ ਬਰਾਬਰ ਇਸ ਮਨੋਰਥ ਨੂੰ ਮੁਖ ਰਖ ਹਟਾ ਦਿਤਾ ਗਿਆ ਹੈ। ਕੇ ਮਤ ਦੋ ਗਦੀਆਂ ਇਕ ਸਮਾਨ ਨ ਲਗੀਆਂ ਜਾਪਣ ਤੇ ਉਸਤੇ ਚੋਰ ਕਰਨਾ ਭੀ ਬੰਦ ਕੀਤਾ ਗਿਆ ਹੈ। ਮਤ ਇਹ ਭੀ ਨ ਗੁਰੂ ਮੰਨਿਆ ਜਾਵੇ।

ਹੁਣ ਤਾਂ ਫਿਰ ਛਪ ਦਸਮ ਗਰੰਥ ਸਾਹਿਬ ਮਿਲਨ ਲਗ ਪਏ ਹਨ। ਇਕ ਵਾਰ ਤਾਂ ਉਕਾ ਛਪਣੋਂ ਹੀ ਭਾਈਚਾਰੇ ਬੰਦ ਕਰ ਦਿਤੇ ਸਨ। ਨਾਮਧਾਰੀਆਂ ਤੋਂ ਬਿਨਾਂ ਜੋ ਵਿਦਵਾਨ ਹੋਰ ਭੀ ਦਸਮ ਗਰੰਥ ਨੂੰ ਗੁਰੂ ਗਰੰਥ ਹੀ ਲਿਖਦੇ ਹਨ। ਉਹ ਮੈਂ ਫੇਰ ਲੋੜ ਪੈਣ ਤੇ ਲਿਖਾਂਗਾ ਕੇ ਹਜੂਰ ਸਾਹਿਬ ਦਸਮ ਗਰੰਥ ਦੀ ਸਾਵੀ ਗਦੀ ਤੇ ਪੂਜਾ ਹੈ।

ਏਥੇ ਮੇਰਾ ਇਹ ਮਨੋਰਥ ਨਹੀਂ ਜੋ ਲੋੜ ਸੀ ਸੋ ਨਿਰਨਾਂ ਕ ਦਿਤਾ ਹੈ।

Sri Satguru Jagjit Singh Ji Elibrary NamdhariElibrary@gmail.com

੧ ੳ ਸਤਿਗੁਰ ਪ੍ਰਸਾਦਿ ॥

# ਪੰਜਵਾਂ ਨਿਰਨਾ

ਹੁਣ ਮੈਂ ਇਸ ਨਿਰਨੇ ਤੇ ਲਿਖਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨਦੇੜ ਦੇ ਨਰ ਨਾਟਕ ਕੌਤਕ ਬਾਦ ਕਿਥੇ ਕਿਥੇ ਰਹੇ।

(੧) ਅਧੀ ਰਾਤ ਨਦੇੜ ਕੌਤਕ ਕਰ ਤਬੇਲੇ ਚੋਂ ਕੁਮੈਤ ਘੋੜਾ ਲੈ ਜੋ ਪਹਿਲੇ ਗੁਰੂ ਜੀ ਕਹਿ ਤਿਆਰ ਕਰਵਾ ਰਖਿਆ ਸੀ। ਉਸ ਨੂੰ ਲੈ ਗਏ। ਤੇ ਲਕੜਹਾਰੇ ਸਿਖ ਨੂੰ ਮਿਲੇ ਤੇ ਸਿੰਘਾਂ ਵਲ ਸੁਨੇਹਾ ਭੇਜਿਆ ਚਿੰਤਾ ਨ ਕਰਨ ਘੋੜਾ ਅਸੀਂ ਆਪ ਹੀ ਲੈ ਗਏ ਹਾਂ।

(੨) ਫੇਰ ਉਦਾਸੀ ਪੰਜਾਬੋਂ ਆਏ ਚੌਂਹ ਸਾਧਾਂ ਨੂੰ ਸਿਕਾਰ ਖੇਡਦੇ ਜਿਵੇਂ ਲਕੜ ਹਾਰੇ ਸਿੰਘ ਨੂੰ ਮਿਲੇ ਸੀ ਮਿਲੇ।

(੩) ਸਤਾਰੇ ਦੇ ਕਿਲੇ ਰਸਤਮ ਰਾਏ ਚੋਂ ਤੇ ਬਾਲਾ ਰਾਏ ਨੂੰ ਘੋੜੇ ਦੀਆਂ ਰਕਾਬਾਂ ਫੜਾ ਕਢਿਆ ਤੇ ਨਦੇੜ ਜਾ ਉਹਨਾਂ ਦਸਿਆ ਆਪਣੇ ਨਾਲ ਵਰਤਿਆ ਗੁਰੂ ਕਾ ਫੇਜ।

(੪) ਕਾਨ ਸਿੰਘ ਜੀ ਨਾਭਾ ਦੀ ਲਿਖਿਤ ਨੁਸਾਰ ਕੁਝ ਚਿਰ ਛਾਦਰੇ ਰਹੇ। ਜੋ ਥਲੀ ਮੈਂ ਹੈ। ੧੮੧੨ ਤਕ।

(੫) ਫੇਰ ਛੇ ਸਾਲ ਜੀਂਦ ਰਹੇ ੧੮੧੮ ਤਕ।

(੬) ਪਟਿਆਲੇ ਆਇ ਬਿਰਾਜੇ ਜਿਥੇ ਹੁਣ ਮਾਈ ਆਸ ਕੌਰ ਦੀ ਸਰਾਏ ਹੈ। ਇਥੇ ਰੋਹੇ ਹੁੰਦੇ ਮਹਾਰਾਜਾ ਸਾਹਿਬ ਸਿੰਘ ਜੀ ਮਕਾਨ ਤਿਆਰ ਕਰਵਾ ਦਿਤਾ ਉਸ ਮਕਾਨ ਮੇ ਰਹਿੰਦੇ ਤੇ ਬੰਦੂਕ ਬਨਵਾਈ ਸੋ ਨੇ ਚਾਂਦੀ, ਤਾਂਬਾ, ਪਿਤਲ, ਲੋਹਾ, ਕਾਂਸੀ ਆਦ ਕਈ ਧਾਤਾਂ

ਮਿਲਾਕੇ ਕਈ ਮਹੀਨਿਆਂ ਵਿਚ ਬਣੀ ਜੋ ਹੁਣ ਨਾਭੇ ਡੇਰੇ ਹੈ ਸਤਗੁਰੂ ਜੀ ੧੨ ਬਰਸ ਪਟਿਆਲੇ ਰਹੇ (ਭਾਵ) ੧੯੩੦ ਬਿ: ਤਕ।

(੭) ਨਾਭੇ ਆਏ ਬਿਰਾਜੇ ਹੇਰੂ ਦੇ ਬੂਟੇ ਹੇਠ। ਏਥੇ ਬੜੀ ਸੰਘਣੀ ਝਿੜੀ ਸੀ। ਮਹਾਰਾਜਾ ਹਮੀਰ ਸਿੰਘ ਜੀ ਕੁਈ ਡਿਓਢੀ ਮਕਾਨ ਚੁਬਾਰਾ ਪਵਾਏ ਤਾਂ ਉਹਨਾਂ ਮੇਂ ਰਹਿਣ ਲਗੇ ਜਿਥੇ ਹੁਣ ਸਮਾਧ ਹੈ। ਚੁਬਾਰੇ ਪਰ ਏਥੇ ਗੁਪਤ ਹੋ ਰਹਿੰਦੇ। ਕਈ ਕਈ ਦਿਨ ਕਿਸੇ ਨੂੰ ਨ ਮਿਲਦੇ, ਬਾਹਰੋਂ ਭੀ ਸਿੰਘ ਔਂਦੇ। ਪੂਰੇ ਪਰੋਗਰਾਮ ਦਾ ਪਕਾ ਪਤਾ ਕਿਸੇ ਨੂੰ ਕਈ ਕਈ ਦਿਨਾਂ ਦਾ ਨ ਹੁੰਦਾ।

ਏਥੋਂ ਹੀ ਆਪ ੧੯੩੨ ਕਿ ਸਿਆਲ ਕੋਟ ਬਾਬੇ ਦੀ ਬੇਰ ਗੁਰਦਵਾਰੇ ਵਾਲੇ ਨਥਾ ਸਿੰਘ ਤੇ ਦਿਆਲ ਸਿੰਘ ਦੇ ਜੁਧ ਮੇਂ ਜਾ ਜਦ ਨਥਾ ਸਿੰਘ ਨੇ ਖੜੇ ਕਰ ਪੰਜਾਂ ਸਿੰਘਾਂ ਤੋਂ ਅਤਿ ਸੰਕਟ ਸਮੇਂ ਅਰਦਾਸ ਕਰਾਈ ਤਾਂ ਆਪਨੇ ਗਿਲਜਿਆਂ ਨੂੰ ਹਾਰ ਦਿਤੀ ਤੇ ਸਿੰਘਾਂ ਦੀ ਫੌਜ ਨੂੰ ਦਰਸ਼ਨ ਸਣੇ ਆਪਣੀ ਫੌਜ ਦੇ ਦਿਤੇ ਤੇ ਜਿਤ ਭੀ ਦਿਤੀ।

(੮) ਨਾਭੇ ਹੁੰਦਿਆਂ ਹੀ ਆਪਨੇ ਭਾਈ ਸਰੂਪ ਸਿੰਘ ਜੀ ਨੂੰ ਆਪਣਾ ਵਖੀ ਵਾਲਾ ਘਾਉ ਦਿਖਾਇਆ। ਤੇ ਦਸਿਆ ਭੀ ਇਹ ਓਹੋ ਘਾਉ ਹੈ ਜੋ ਦਖਣ ਮੇ ਲਗਾ ਸੀ।

(੯) ਏਥੋਂ ਨਾਭਿਉਂ ਹੀ ਗੁਪਤੇ ਦਿਨਾਂ ਵਿਚ ਗੁਰੂ ਸਾਹਿਬ ਫਰੰਟੀਅਰ ਦੇ ਸਿਖਾਂ ਨੂੰ ਦਰਸਨ ਦੇਂਦੇ ਰਹੇ। ਕੇਮਲ ਪੁਰ ਦੇ ਤੁਲਸਾ ਰਾਮ ਜੀ ਸੁ: ਜੋ ਚੀਫ ਖਾਲਸਾ ਦੀਵਾਨ ਦੇ ਮੈਂਬਰ ਭੀ ਸਨ। ਤੇ ਮਹਮਦ ਖਾਨ ਖਟੜ ਇਲਾਕੇਦਾਰ ਤੇ ਚੋਲਦਾਰ ਤੇ ਪ੍ਰਸਿਧ ਫਕੀਰ ਬਾਹਸਫੈਦ ਦੀਆਂ ਸ਼ਹਾਦਤਾਂ ਹਨ। ਤੇ ਕਕੂ ਮੁਹਾਣੇ ਨੇ ਵੀ ਅਟਕ ਵਿਚ ਕਈ ਵਾਰ ਇਸ਼ਨਾਨ ਕਰਦਿਆਂ ਦੇ ਦਰਸ਼ਨ ਕੀਤੇ ਸਨ। ਏਹਨਾਂ ਵਾਕਾਂ ਦੀ

Sri Satguru Jagjit Singh Ji Elibrary NamdhariElibrary@gmail.com

ਪੁਸ਼ਟੀ ਫਰੰਟੀਅਰ ਦੇ ਹਜ਼ਾਰਾਂ ਸਿੰਘ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਹੀ ਉਹ ਸਨ । ਤੇ ਉਹਨਾਂ ਹੀ ਗੁਰੂ ਬਾਲਕ ਸਿੰਘ ਜੀ ਨੂੰ ਹਰੋ ਨਦੀ ਦੇ ਕੰਢੇ ਛੋਈ ਦੀ ਪਹਾੜੀ ਤੋਂ ਹੇਠਾਂ ਉਤਰ ਕੇ ਦਰਸ਼ਨ ਦੇ ਗੁਰਤ੍ਵ ਦਿਤੀ ਸੀ ।

(੧੦) ਵੈਦ ਇੰਦੂ ਸਿੰਘ ਜੀ ਗਰੀ ਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਲਿਖਦਿਆਂ ਅਪਣੇ ਖਿਆਲ ਦਸੇ ਹਨ। ਕਿ ਗੁਰੂ ਜੀ ਗੁਪਤ ਰਹੇ ਹਨ ਪਰ ਐਸੇ ਉਤਮਆਤਮਾ ਅਤੇ ਸ਼ਕਤ ਵਾਲਿਆਂ ਨੂੰ ਕੋਈ ਨਹੀਂ ਲਭ ਸਕਦਾ ਜੇ ਉਹ ਲੁਕਣ। ਗੁਰੂ ਜੀ ਬਾਬਾ ਅਜਾਪਾਲ ਸਿੰਘ ਜੀ ਦੇ ਰੂਪ ਚਿ ਹੀ ਰਹੇ ਹਨ। ਇਹ ਸਾਰ ਉਹਨਾਂ ਗੁਰੂ ਜੀ ਗੁਪਤ ਰੂਪ ਵਿਚ ਦੇ ਸਿਰਲੇਖ ਚਿ ਦਿਤਾ ਹੈ ।

(੧੧) ਨਾਭੇ ਦੇ ਸਮੇਂ ਚੋਂ ਹੀ ਆਪ ਨੇ ਪਸ਼ੌਰ ਜਾ ਕੇ ਇਕ ਪਰੇਮੀ ਸਿੰਘ ਨੂੰ ਦਰਸ਼ਨ ਦਿਤੇ ਤੇ ਕਾਬਲ ਭੀ ਗਏ ਤੇ ਕੌਤਕ ਭੀ ਕੁਝ ਦਿਖਾਏ । ਜਿਸ ਦੀ ਯਾਦ ਕਾਬਲ ਚਿ ਗੁਰਦਵਾਰਾ ਭੀ ਹੈ ।

(੧੨) ਇਸੇ ਕਾਬਲ ਪਸ਼ੌਰ ਦੇ ਆਣ ਜਾਣ ਦੇ ਸਮੇਂ ਦੌਰੇ ਚਿ ਗੁਰੂ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ੧੯੬੯ ਬਿਕਰਮੀ ਦਸਮੀ ਵਿਸਾਖ ਦੀ ਦਰਸ਼ਨ ਦੇ ਗੁਰਤਾ ਸੌਂਪੀ ।

ਨਾਭੇ ਹੀ ਗੁਰੂ ਜੀ ੧੯੬੯, ਜੇਠ ਸੁਦੀ ਪੰਜ ਨੂੰ ਜੋਤੀ ਜੋਤ ਸਮਾਏ ।

ਉਪਰ ਦਿਤੀਆਂ ਲਿਖਤਾਂ ਨਾਦੇੜੋਂ ਬਾਦ ਦੇ ਸਮੇਂ ਦੇ ਗਰੰਥ ਕਰਤਾ ਪਾਠਕਾਂ ਦੀ ਖੋਜ ਲਈ ਲਿਖਦਾ ਹਾਂ ।

ਨਦੇੜ ਦੇ ਕੌਤਕੋਂ ਬਾਦ। ਲਕੜਹਾਰੇ ਤੇ ਸਾਧਾਂ ਨੂੰ ਦਰਸ਼ਨ ਦੇਤੇ ਰੁਸਤਮ ਰਾਓ ਤੇ ਬਾਲਾ ਰਾਓ ਨੂੰ ਸਤਾਰੇ ਦੇ ਕਿਲੇ ਚੋਂ ਕਢਣਾ ।

Sri Satguru Jagjit Singh Ji Elibrary NamdhariElibrary@gmail.com

੧) ਸੂਰਜ ਪ੍ਰਕਾਸ਼ ਕਰਤਾ ਭਾਈ ਸੰਤੋਖ ਸਿੰਘ ਜੀ।
(੨) ਪੰਥ ਪ੍ਰਕਾਸ਼ ਕਰਤਾ ਗਿਆਨੀ ਗਿਆਨ ਸਿੰਘ ਜੀ।
(੩) ਗੁਰ ਬਿਲਾਸ। ਮਹੰਤ ਸਮੇਰ ਸਿੰਘ ਜੀ ਪਟਨਾ ਲਿਖਦੇ ਹਨ। ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਤੇ ਗੁਰ ਬਿਲਾਸ ਵਿਚ।

ਭਾਦਰੋ ਜੀਂਦ ਪਟਿਆਲੇ। ਨਾਭੇ ਗੁਰੂ ਜੀ ਰਹੇ। ਹਸਤ ਲਿਖਤ ਪੋਥੀ। ਸ: ਕਾਹਨ ਸਿੰਘ ਜੀ ਨਾਭਾ ਤੇ ਫੁਲਵਾੜੀ ਤੇ ਇਤਿਹਾਸ ਦੇ ਅਣ ਲਿਖੇ ਪਤਰੇ। ਫੁਲਵਾੜੀ (ਕਰਤਾ ਹੀਰਾ ਸਿੰਘ ਜੀ ਦਰਦ) ਵਲੋਂ ਸ: ਕਾਹਨ ਸਿੰਘ ਜੀ ਨਾਭਾ।

ਪੰਜਾਬੀ ਭੈਣ ਫੀਰੋਜ਼ਪੁਰੋਂ ਮਾਸਕ ਪੱਤ੍ਰ ਦੇ ਐਡੀਟਰ ਸਾਹਿਬ ਜੀ ਕਰਤਾ। ਕੇ ਗੁਰੂ ਗੋਬਿੰਦ ਸਿੰਘ ਜੀ ਬਾਬੇ ਅਜਾਪਾਲ ਸਿੰਘ ਜੀ ਦੇ ਰੂਪ ਵਿਚ ਨਾਭੇ ਰਹੇ ਹਨ।

ਗਿਆਨੀ ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼। ਕੇ ਦਸਮੇਸ਼ ਜੀ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਗੁਰਤਾ ਸੌਂਪੀ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣ ਦੀ ਪਕੀ ਕੀਤੀ।

ਮਹੰਤ ਸੁਮੇਰ ਸਿੰਘ ਜੀ ਪਟਨਾ ਤਖਤ ਸਾਹਿਬ। ਕੇ ਗੁਰੂ ਗੋਬਿੰਦ ਸਿੰਘ ਜੀ ਪਸ਼ੌਰ ਤੇ ਕਾਬਲ ਗਏ ਹਨ। ਨਾਦੇੜ ਕੌਤਕੋਂ ਬਾਦ ਦੀਆਂ ਸਾਖੀਆਂ ਵਧੀਕ ਅਗੋ ਦੇ ਲਿਖਦੇ ਹਨ।

ਓਥੇ ਗੁਰਦੁਆਰੇ ਭੀ ਹਨ ਤੇ ਗੁਰ ਕੌਤਕ ਤੇ ਅਜਮਤਾਂ ਅਜੇ ਪ੍ਰਸਿਧ ਹਨ।

ਗੁਰੂ ਪਦ ਪ੍ਰਕਾਸ਼ ੧-੨-੩ ਹਿਸੇ। ਕਰਤਾ ਸੰਤ ਨਿਧਾਨ ਸਿੰਘ ਜੀ ਆਲਮ।

ਕੇ ਗੁਰੂ ਗੋਬਿੰਦ ਸਿੰਘ ਜੀ ਬਾਬਾ ਅਜਾਪਾਲ ਸਿੰਘ ਜੀ ਹੀ ਸਨ ਤੇ ਆਪਨੇ ਠੀਕ ਹੀ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਸੌਂਪੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣ ਦੀ ਪਕੀ ਕੀਤੀ ਹੈ।

Sri Satguru Jagjit Singh Ji Elibrary NamdhariElibrary@gmail.com

ਮਾਲਵੇਂਦਰ ਕਰਤਾ ਸੰਤ ਇੰਦਰ ਸਿੰਘ ਜੀ ਚਕਰਵਰਤੀ।

ਆਪ ਨੇ ਲਿਖਿਆ ਹੈ। ਕੇ ਗੁਰੂ ਬਾਲਕ ਸਿੰਘ ਜੀ ਨੇ ੧੮੬੯ ਵਿਚ ਕਾਬਲ ਜਾਂਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਦਰਸ਼ਨ ਦੇ ਗੁਰਤਾ ਅਰਪਣ ਕੀਤੀ ਹੈ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਗੋਂ ਦੇਣ ਦੀ ਪਕੀ ਕੀਤੀ ਹੈ।

ਹਸਤ ਲਿਖਤ ਪੋਥੀ ਜੋ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਮੈਨੂੰ ਮਿਲੀ। ਸ: ਕਾਹਨ ਸਿੰਘ ਜੀ ਨਾਭਾ ਦੀ (ਲਿਖਤ) ਜਿਸ ਵਿਚ ੧੮੬੯ ਜੇਠ ਸੁਦੀ ਪੰਜ। ਨਾਭੇ ਵਿਚ ਗੁਰੂ ਗੋਬਿੰਦਸਿੰਘ ਜੀ ਜੋਤੀ ਜੋਤ ਸਮਾਏ ਲਿਖੇ ਹਨ ਨੇ ਲਿਖਿਆ ਹੈ। ਸਰੂਪ ਸਿੰਘ ਜੀ ਨੂੰ ਗੁਰੂ ਜੀ ਉਹ ਛਾਤੀ ਵਾਲਾ ਘਾਉ ਦਖਾ ਦਸਿਆ ਸੀ ਇਹ ਉਹ ਘਾਉ ਹੈ ਜੋ ਦਖਣ ਮੈਂ ਪਠਾਨ ਹਥੋਂ ਹੋਇਆ ਸੀ।

ਮੇਰੇ ਇਹਨਾਂ ਉਪਰ ਲਿਖੇ ਗਰੰਥਾਂ ਦੇ ਹਵਾਲਿਆਂ ਦਾ ਖੁਲਾਸਾ ਪੜਨ ਲਈ ਉਡੀਕ ਕਰੋ ਜਿਸ ਤੋਂ ਆਪ ਨੂੰ ਪਤਾ ਲਗੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਕਿਵੇਂ ਰਹੇ ਤੇ ਆਪ ਨੂੰ ਪਤਾ ਲਗੇਗਾ ਕਿ ਭਾਦਰੋ ਵਾਲਿਆਂ ਨਾਲ ਗੁਰੂ ਜੀ ਦੀ ਕਿੰਨੀ ਕੁ ਵਾਕਫੀ ਸੀ।

ਮੈਂ ਇਹ ਨਿਰਨਾਂ ਜਿਸ ਮਨੋਰਥ ਨੂੰ ਮੁਖ ਰਖ ਕੇ ਲਿਖੀਆ ਹੈ ਉਸਦੀ ਪੂਰੀ ਪ੍ਰਬਟੀ ਪਾਠਕਾਂ ਦੀ ਮੰਗ ਪਰੇਰਨਾਂ ਤੇ ਪੂਰੇ ਖੁਲਾਸੇ ਨਾਲ ਪੁਸਤਕ ਰੂਪ ਵਿਚ ਫੇਰ ਕਰਨ ਦਾ ਜਤਨ ਕਰਾਂਗਾ। ਹਾਲੇ ਉਹਨਾਂ ਉਪਕਾਰੀ ਇਤਿਹਾਸ ਕਾਰਾਂ ਤੇ ਲਿਖਾਰੀਆਂ ਦੀ ਯਾਦ ਤੇ ਧੰਨਵਾਦ ਵਜੋਂ ਹੀ ਇਹ ਕੁਝ ਸਤਰਾਂ ਲਿਖੀਆਂ ਹਨ। ਸੰਗਤ ਸਾਥੀਆਂ ਨਿਹਤ ਤੇ ਜੀਵਨ ਜੋ ਸਾਥ ਦਿਤਾ।

Sri Satguru Jagjit Singh Ji Elibrary NamdhariElibrary@gmail.com

# ਭੁਲ ਦੀ ਸੋਧ ਤੇ ਬੇਨਤੀ

ਸਤਿ ਗੁਰ ਜਗਜੀਤ ਸਿੰਘ ਜੀ ਨਾਲ ੨੨ ਮਾਘ ਨੂੰ ਦਿਲੀਉਂ ਸੰਗਤ ਸਾਥ ਰੇਲ ਤੇ ਸਵਾਰ ਹੋ ਬੁਦਨੀ ਅਟਾਰਸੀ ਨਾਗਪੁਰ ਹੈਦਰਾ ਬਾਦ ਹੁੰਦੇ ਰਹਿਦੇ ੨੮ ਮਾਘ ਆਸਾ ਜੀ ਦੀ ਵਾਰ ਹਜੂਰ ਸਾਹਿਬ ਜਾ ਸੁਣੀ ੨੮ ਨੂੰ ਸਚ ਖੰਡ,ਲੰਗਰ ਸਾਹਿਬ,ਨਗੀਨਾਂ ਘਾਟ,ਬੰਦਾ ਘਾਟ ਆਦਿ ਸਥਾਨਾਂ ਦੇ ਦਰਸਨ ਕਰ ੨੯ ਨੂੰ ਵਾਪਸ ਹੈਦਰਾਬਾਦ ਨਾਗਪੁਰ ਹੁੰਦੇ ੩, ੪, ੫, ਫਗਨ ਸਤਿਗੁਰ ਪਰਤਾਪ ਸਿੰਘ ਜੀ ਨੱਮਿਤ ਸੰਗਤ ਵਲੋਂ ਕੀਤੇ ਮੇਲੇ ਤੇ ਦਰਸਨ ਕਰ ੮ ਫਗਨ ਨੂੰ ਚੰਡੀ ਗੜ ਨੂੰ ਸਣੇ ਨਾਲੀ ਘਗਰ ਪਾਣੀ ਮਾਰੇ ਪੰਦਰਾਂ ਸਤਾਰਾਂ ਪਿੰਡਾਂ ਦੇ ਸਰਪੰਚਾਂ ਪੰਚਾਂ ਤੇ ਸ੍ਰ: ਤੇਜਾ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੇ ਤੁਰੇ ੯-੧੦ ਫਗਣ ਚੰਡੀਗੜ ਗਿਆਨੀ ਕਰਤਾਰਸਿੰਘਜੀ ਗਵਰਨਰ ਸਾਹਿਬ ਗੈੜ-ਗਲ ਤੇ ਕੈਰੋਂ ਸਾਹਿਬ ਜੀ ਆਦਿ ਨੂੰ ਮਿਲੇ ਤੇ ਦੁਫਸਲੇ ਦਾ ਮਰਨਾਂ ਪ੍ਰਾਣੀਨਾਲ ਦਸਿਆ ਤਸਲਾਹ ਸੁਰਤ ਦਿਤੀ ਕਿ ਘਗਰ ਦੀ ਨਹਿਰ ਛੇਤੀ ਬਣਾਓ ਤੇ ਜਿਮੀਂਦਾਰਾਂ ਦੀ ਜਾਣ ਬਚਾਉ। ਮਸਾਂ ੧੩ ਫਗਣ ਲੁਧਿਆਨੇ ਪੁਜ ਕਾਪੀ ਛਪਣੀ ਸ਼ੁਰੂ ਕਰਾਈ ਕਾਹਲ ਨਾਲ ਕੰਮ ਹੋਣ ਕਰ ਸੁਧਾਈਨਹੀਂ ਹੋ ਸਕੀ ਕਿਉਂਕਿ ਹੋਲੇ ਤੇ ਪੁਸਤਕ ਦਾ ਪੁਜਨਾਂ ਜਰੂਰੀ ਜਾਤਾਸੀ। ਕਈ ਭਾਰੀਆਂ ਭੁਲਾਂ ਹੋ ਰਹਿ ਗਈਆਂ ਹਨ। ਜਿਹਾ ਕਿ ੪੪ ਅੰਗ ੪ ਪਾਲਾਂ ਤੇ ਮੇਤਾ ਨਾਮ ਬੋਲੇਣ ਤੇ ਗਲਤ ਹੀ ਛਪ ਗਿਆ ਹੈ। ਜੋ ਏਥੇ ਉਕਾ ਲੋੜ ਨ ਸੀ।

(ਐਸੇ) ੨੬ ਅੰਗ ਤੇ ੧੧ਵੀਂ ਪਾਲ ਚਿ ਰਾਰੇ ਦੇ ਥਾਂ ਕਕਾਂ ਪੈ ਗਿਆ ਹੈ। ਤੇ ਨਰੇਲ ਦੇ ਥਾਂ ਨਕੇਲ ਪੈ ਗਿਆ ਹੈ ਜੋ ਗਲਤ ਹੈ।

੩੪ ਅੰਗ ਤੇ ਬਚਨ ਦੇ ਥਾਂ ਬਚਮਨ ਹੋ ਗਿਆ ਹੈ ਤੇ ਕਵੈ ਦੇ ਕਾਫ ਬਨ ਗਿਆਂ ਜੋ ਆਸੇ ਨੂੰ ਉਕਾ ਹੀ ਹੋਰ ਬਨਾ ਦੇਂਦਾ ਹੈ।

ਪਰ ਹੈ ਗਲਤ । ਮੈਂ ਪਾਠਕਾਂ ਤੋਂ ਬੇਬਸੀ ਕਾਰਨ ਖਿਮਾਂ ਦਾ ਜਾਚਕ ਹਾਂ

ਉਮੈਦ ਹੈ ਆਪ ਕਈ ਭੁਲਾਂ ਨੂੰ ਸੋਧ ਪੜ੍ਹ ਮੈਨੂੰ ਅਗਾਂ ਸੁਧਾਰ ਦੀ ਸਕਤ ਤੇ ਸੁੱਮਤ ਬਖਸ਼ੋਗੇ ।

ਸਾਧ ਸੰਗਤ ਸਤਿਗੁਰੂ ਕੀ ਭੁਲਾਂ ਬਖਸ਼ਨ ਜੋਗ ।
ਦਇਆ ਕਰੋ ਇਹ ਦਾਸ ਪਰ ਬਖਸ਼ੋ ਰਿਦਾ ਅਰੋਗ ।

ਤਰਨ ਸਿੰਘ 'ਵਹਿਮੀ'

ਸੰਤ ਨਗਰ, ਜਿਲਾ ਹਸਾਰ

੨੦ ਫਗਣ ੨੦੧੭, ੩ ਮਾਰਚ ੧੯੬੧

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com